# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

# ਪਾਠਾਂ ਦੀ ਵਿਧੀ



ਗਿਆਨੀ ਗੁਰਚਰਨ ਸਿੰਘ

੧ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੇ

# ਪਾਠਾਂ ਦੀ ਵਿਧੀ

ਤੇ

## ਸਿੱਖ ਰਹਿਤ ਮਰਯਾਦਾ ਦਾ ਸਾਰ-ਅੰਸ਼

ਇਸ ਪੁਸਤਕ ਵਿਚ

ਸਹਿਜ ਪਾਠ, ਸਪਤਾਹਕ ਪਾਠ, ਅਖੰਡ ਪਾਠ, ਸੂਰਜ ਉਦੇ ਅਸਤ ਅਖੰਡ ਪਾਠ, ਸਹਿਜ ਅਖੰਡ ਪਾਠ, ਅਤਿ ਅਖੰਡ ਪਾਠ, ਸੰਪਟ ਅਖੰਡ ਪਾਠ ਤੇ ਮ੍ਰਿਤਕ ਸੰਸਕਾਰ ਪਾਠਾਂ ਦੀ ਵਿਧੀ, ਅਰਦਾਸ, ਆਰਤੀ ਆਦਿ ਕਾਰਜਾਂ ਦੀ ਵਿਧੀ ਤੇ ਸਿੱਖ ਰਹਿਤ ਮਰਯਾਦਾ ਦਾ ਸਾਰ ਅੰਕਿਤ ਹੈ।

ਸੰਗ੍ਰਹਿ ਕਰਤਾ-

**ਗਿਆਨੀ ਗੁਰਚਰਨ ਸਿੰਘ**

ਪ੍ਰਕਾਸ਼ਕ:-

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

© ਪ੍ਰਕਾਸ਼ਕ

ISBN : 81-7601-181-9

ਚੌਥੀ ਵਾਰ : 1998

ਪੰਜਵੀਂ ਵਾਰ : ਜੂਨ 2013

ਭੇਟਾ 40.00

ਪ੍ਰਕਾਸ਼ਕ :-

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 2542346, 2547974, ਫੈਕਸ : 5017488

E-mail : csjssales@hotmail.com

: csjspurchase@yahoo.com

Visit our Website : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਵਿਧੀ

ਦਾ

## ਤਤਕਰਾ


| ਸਿਰਲੇਖ | ਪੰਨਾ |
|---|---|
| ਨਾਨਕ ਨਿਰਮਲ ਪੰਥ ਚਲਾਇਆ | ੭ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ | ੧੦ |
| ਦਮਦਮੀ ਬੀੜ ਦੀ ਰਚਨਾ | ੧੫ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਮਿਲਣੀ | ੧੮ |
| ਗੁਰਬਾਣੀ ਦੀ ਮਹਿਮਾਂ | ੨੦ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣਾ | ੨੬ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਵਿਧੀ | ੨੮ |
| ਪਾਠੀ ਸਿੰਘਾਂ ਦੇ ਲੱਛਣ | ੨੯ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ | ੩੧ |
| ਫੁੱਲਾਂ ਦੇ ਸਿਹਰੇ ਚੜ੍ਹਾਉਣ ਸਮੇਂ ਦਾ ਸ਼ਬਦ | ੩੭ |
| ਧੂਪ ਧੁਖਾਉਣ ਸਮੇਂ ਦਾ ਸ਼ਬਦ | ੩੮ |
| ਜੋਤ ਜਗਾਉਣੀ | ੩੯ |
| ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ | ੪੦ |
| ਖੁਲ੍ਹੇ (ਸਹਿਜ) ਪਾਠ ਦੀ ਵਿਧੀ | ੪੨ |

| ਸਿਰਲੇਖ | ਪੰਨਾ |
| --- | --- |
| ਅਰਦਾਸ | ੪੫ |
| ਕੜਾਹ ਪ੍ਰਸ਼ਾਦਿ ਵਰਤਾਉਣਾ | ੪੯ |
| ਆਰਤੀ | ੫੧ |
| ਸਪਤਾਹਕ ਪਾਠ ਦੀ ਵਿਧੀ | ੫੬ |
| ਅਖੰਡ ਪਾਠ ਦੀ ਵਿਧੀ | ੫੭ |
| ਸਹਿਜ ਅਖੰਡ ਪਾਠ ਦੀ ਵਿਧੀ | ੬੨ |
| ਸੂਰਜ ਉਦੇ ਅਸਤ ਦੇ ਅਖੰਡ ਪਾਠ ਦੀ ਵਿਧੀ | ੬੨ |
| ਅਤਿ ਅਖੰਡ ਪਾਠ ਦੀ ਵਿਧੀ | ੬੩ |
| ਸੰਪਟ ਅਖੰਡ ਪਾਠ | ੬੪ |
| ਹੋਮ ਕਰਨ ਦੀ ਵਿਧੀ | ੬੬ |
| ਸੰਪਟ ਅਖੰਡ ਪਾਠ ਦੀ ਵਿਧੀ | ੬੭ |
| ਸਰਬ ਕਾਰਜਾਂ ਦੀ ਸਿਧੀ ਲਈ ਮੂਲ-ਮੰਤ੍ਰ ਦਾ ਸੰਪਟ | ੬੮ |
| ਸੰਪਟ ਆਦਿ | ੭੦ |
| ਚਲਾਣਾ ਕਰ ਗਏ ਪ੍ਰਾਣੀ ਦੇ ਕਲਿਆਣ ਲਈ | |
| ਮਿਰਤਕ ਸੰਸਕਾਰ ਪਾਠ ਦੀ ਵਿਧੀ | ੭੬ |
| ਸਿੱਖ ਰਹਿਤ ਮਰਯਾਦਾ ਦਾ ਸਾਰ-ਅੰਸ਼ | ੭੮ |

# ਗੁਰਮੁਖਿ ਗਾਡੀ ਰਾਹੁ ਚਲੰਦਾ

ਗੁਰੂ ਸਿੱਖ ਭਲਕੇ ਉੱਠ ਕਰਿ
ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ॥
ਗੁਰੁ ਕੇ ਬਚਨ ਉਚਾਰਿਕੈ
ਧਰਮਸਾਲ ਦੀ ਸੁਰਤਿ ਕਰੰਦਾ॥
ਸਾਧ ਸੰਗਤਿ ਵਿਚਿ ਜਾਇਕੈ
ਗੁਰੁ ਬਾਣੀ ਦੇ ਪ੍ਰੀਤਿ ਸੁਣੰਦਾ॥
ਸ਼ੰਕਾ ਮਨਹੁ ਮਿਟਾਇਕੈ
ਗੁਰੁ ਸਿੱਖਾਂ ਦੀ ਸੇਵ ਕਰੰਦਾ॥
ਕਿਰਤ ਵਿਰਤ ਕਰਿ ਧਰਮ ਦੀ
ਲੈ ਪਰਸਾਦਿ ਆਣ ਵਰਤੰਦਾ॥
ਗੁਰੁ ਸਿੱਖਾਂ ਨੌ ਦੇਇ ਕਰ
ਪਿੱਛੋਂ ਬਚਿਆ ਆਪ ਖਵੰਦਾ॥
ਕਲੀਕਾਲ ਪਰਗਾਸ ਕਰ
ਗੁਰੁ ਚੇਲਾ ਚੇਲਾ ਗੁਰੁ ਸੰਦਾ॥
ਗੁਰਮੁਖਿ ਗਾਡੀ ਰਾਹੁ ਚਲੰਦਾ॥ ੧੧॥

(ਵਾਰ ੪੦, ਭਾਈ ਗੁਰਦਾਸ ਜੀ)

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਗ੍ਰੰਥ ਜੀ ਦੇ
# ਪਾਠਾਂ ਦੀ ਵਿਧੀ

# ਨਾਨਕ ਨਿਰਮਲ ਪੰਥ ਚਲਾਇਆ

ਕਲਜੁਗੀ ਜੀਵਾਂ ਦੇ ਉਧਾਰ ਲਈ 'ਨਾਰਾਇਣ ਸਰੂਪ' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਲਜੁਗ ਵਿਚ ਅਵਤਾਰ ਧਾਰਨ ਕਰਕੇ ਸੰਸਾਰ ਦੇ ਜੀਵਾਂ ਨੂੰ ਇਕ ਪ੍ਰਭੂ ਦੀ ਅਰਾਧਨਾ ਤੋਂ ਬੇਮੁਖ ਹੋ ਕੇ ਹੋਰ ਵਿਅਰਥ ਕਰਮ ਕਾਂਡਾਂ ਵਿਚ ਸਮਾਂ ਗੁਜ਼ਾਰਦਿਆਂ ਵੇਖਿਆ। ਦੇਵੀ ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਦੀ ਪੂਜਾ ਕਰਨੀ ਤੇ ਕੇਵਲ ਤੀਰਥਾਂ ਦੇ ਇਸ਼ਨਾਨ ਕਰਨਾ ਹੀ ਲੋਕਾਂ ਨੇ ਆਪਣੀ ਮੁਕਤੀ ਦਾ ਸਰਵ ਸ੍ਰੇਸ਼ਟ ਸਾਧਨ ਮਿਥਿਆ ਹੋਇਆ ਸੀ। ਇਉਂ ਸਤਿ ਮਾਰਗ

ਤੋਂ ਭਟਕ ਕੇ ਹਰ ਕੋਈ ਮਨੁੱਖ ਆਪੋ ਆਪਣੀ ਮਨਮੱਤ ਵਿਚ ਗ੍ਰਸਿਆ ਹੋਇਆ ਸੀ। ਇਸ ਤਰ੍ਹਾਂ ਲੁਕਾਈ ਨੂੰ ਅਗਿਆਨਤਾ ਵਿਚ ਭਟਕਦਿਆਂ ਵੇਖਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਦੇ ਕਲਿਆਣ ਲਈ ਇਕ 'ਨਿਰਮਲ ਪੰਥ' ਦੀ ਨੀਂਹ ਰਖੀ ਤੇ ਆਪਣੇ ਸਿੱਖਾਂ ਲਈ 'ਗੁਰਮੁਖ ਗਾਡੀ ਰਾਹ' ਚਲਾਇਆ। ਇਸ ਮਾਰਗ 'ਤੇ ਚਲਣ ਵਾਲਿਆਂ ਦਾ ਨਾਮ 'ਗੁਰਮੁਖ' ਕਰਕੇ ਪ੍ਰਸਿੱਧ ਹੋਇਆ। ਇਹਨਾਂ ਗੁਰਮੁਖਾਂ ਲਈ ਸਤਿਗੁਰੂ ਜੀ ਨੇ ਇਕ ਗੁਰਮੱਤ ਮਰਯਾਦਾ ਬੰਨ੍ਹੀ। ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਆਪਣੇ ਹਰ ਕਾਰਜ ਗੁਰ-ਮਰਯਾਦਾ ਅਨੁਸਾਰ ਕਰਨ ਦਾ ਹੁਕਮ ਦਿੱਤਾ। ਗੁਰ-ਮਰਯਾਦਾ ਚਾਲੂ ਹੋਣ ਤੋਂ ਪਹਿਲਾਂ ਲੋਕ ਆਪਣੇ ਹਰ ਕਾਰਜਾਂ ਦੀ ਪੂਰਤੀ ਲਈ ਪੰਡਤਾਂ ਨੂੰ ਆਪਣੇ ਘਰਾਂ ਵਿਚ ਬੁਲਾਉਂਦੇ ਸਨ। ਪੰਡਤ ਵੇਦ ਸ਼ਾਸਤ੍ਰਾਂ ਦੇ ਸਲੋਕਾਂ ਦਾ ਪਾਠ ਕਰਕੇ ਤੇ ਪੁਰਾਣਾਂ ਦੀ ਕਥਾ ਕਰਕੇ ਸਾਰੇ ਕਰਮ ਕਾਂਡ ਕਰਦੇ ਸਨ। ਆਮ ਲੋਕ ਸੰਸਕ੍ਰਿਤ ਵਿਦਿਆ ਤੋਂ ਕੋਰੇ ਹੋਣ ਕਰਕੇ ਇਸ ਵੇਦ-ਬਾਣੀ ਦੇ ਭਾਵ ਨੂੰ ਨਹੀਂ ਸਨ ਸਮਝਦੇ। ਨਾ ਹੀ ਲੋਕ ਆਪ ਇਸ ਬਾਣੀ ਦਾ ਪਾਠ ਕਰਕੇ ਕੋਈ ਲਾਭ

ਉਠਾ ਸਕਦੇ ਸਨ।

ਸਤਿਗੁਰੂ ਜੀ ਨੇ 'ਧੁਰ ਕੀ ਆਈ ਬਾਣੀ' ਨੂੰ ਲੋਕ ਬੋਲੀ ਵਿਚ ਉਚਾਰਿਆ। ਗੁਰਸਿੱਖ ਆਪ ਇਸ ਬਾਣੀ ਨੂੰ ਪੜ੍ਹਦੇ ਸਨ। ਬਾਣੀ ਦੇ ਭਾਵ ਨੂੰ ਸਮਝ ਕੇ ਇਸ ਵਿਚ ਦ੍ਰਿੜਾਏ ਉਪਦੇਸ਼ ਨੂੰ ਗ੍ਰਹਿਣ ਕਰਦੇ ਸਨ। ਆਪਣੇ ਹਰ ਕਾਰਜ ਗੁਰਬਾਣੀ ਦੀ ਦੱਸੀ ਮਰਯਾਦਾ ਅਨੁਸਾਰ ਕਰਦੇ ਸਨ। ਗੁਰਸਿੱਖਾਂ ਵਿਚ 'ਸ਼ਬਦ' ਦੀ ਪ੍ਰਧਾਨਤਾ ਮੰਨੀ ਜਾਣ ਲੱਗੀ। ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਦੀ ਮਰਯਾਦਾ ਚਾਲੂ ਹੋ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਵਿਧੀ ਲਿਖਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾਂ ਦਾ ਇਤਿਹਾਸ ਤੇ ਗੁਰਬਾਣੀ ਦੀ ਮਹਿਮਾਂ ਬਾਰੇ ਕੁਛ ਵਰਣਨ ਕਰਨਾ ਠੀਕ ਰਹੇਗਾ, ਤਾਂਕਿ ਪਾਠਕਾਂ ਨੂੰ ਗੁਰਬਾਣੀ ਦੀ ਮਹਾਨਤਾ ਦਾ ਸਹੀ ਗਿਆਨ ਹੋ ਜਾਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸੰਸਾਰ-ਯਾਤਰਾ ਸਮੇਂ ਸਭ ਭਗਤਾਂ ਦੇ ਅਸਥਾਨਾਂ 'ਤੇ ਜਾਕੇ ਉਹਨਾਂ ਦੀ ਉਚਾਰੀ ਬਾਣੀ ਨੂੰ ਇਕੱਤਰ ਕੀਤਾ।

ਆਪਣੀ ਉਚਾਰੀ ਬਾਣੀ ਤੇ ਭਗਤਾਂ ਦੀ ਇਕੱਤਰ ਕੀਤੀ ਬਾਣੀ ਨੂੰ ਪੋਥੀਆਂ ਦੀ ਸ਼ਕਲ ਵਿਚ ਸੰਭਾਲ ਕੇ ਰਖਿਆ। ਗੁਰਬਾਣੀ ਦੀਆਂ ਇਹ ਪੋਥੀਆਂ ਗੁਰੂ ਘਰ ਵਿਚ ਬੜੇ ਸਨਮਾਨ ਨਾਲ ਸੰਭਾਲ ਕੇ ਰਖੀਆਂ ਜਾਂਦੀਆਂ ਸਨ। ਦੂਜੇ, ਤੀਜੇ, ਚੌਥੇ ਤੇ ਪੰਜਵੇਂ ਸਤਿਗੁਰੂ ਜੀ ਨੇ ਬੇਅੰਤ ਬਾਣੀ ਉਚਾਰੀ। ਘਰ ਘਰ ਵਿਚ ਸਤਿਗੁਰਾਂ ਦੀ ਬਾਣੀ ਗਾਈ ਜਾਣ ਲਗ ਪਈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ

ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਸਾਰੀ ਜੀਵਾਂ 'ਤੇ ਮਹਾਨ ਪਰਉਪਕਾਰ ਦੀ ਖ਼ਾਤਰ, ਪੰਜ ਸਤਿਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਨੂੰ ਇਕ ਜਗ੍ਹਾ ਇਕੱਤਰ ਕਰਨ ਦਾ ਸੰਕਲਪ ਬਣਾਇਆ। ਆਪ ਨੇ ਇਕ ਐਸਾ ਮਹਾਨ ਤੇ ਪਵਿੱਤਰ ਗ੍ਰੰਥ ਰਚਨ ਦਾ ਉੱਦਮ ਆਰੰਭਿਆ, ਜੋ ਸ਼ਬਦ-ਰੂਪ ਵਿਚ ਗੁਰੂ ਦਾ ਪ੍ਰਤੱਖ ਸਰੂਪ ਹੋਵੇ। ਜਿਸ

ਪਵਿੱਤਰ ਗ੍ਰੰਥ ਤੋਂ ਪ੍ਰੇਰਨਾ ਲੈ ਕੇ ਗੁਰਸਿੱਖ ਆਪਣਾ ਜੀਵਨ ਸਫ਼ਲ ਕਰ ਸਕਣ। ਸੋ ਇਸ ਉਦੇਸ਼ ਦੀ ਪੂਰਤੀ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਤੇ ਭਗਤਾਂ ਦੀ ਸਾਰੀ ਬਾਣੀ ਦੀਆਂ ਪੋਥੀਆਂ ਪ੍ਰਾਪਤ ਕਰਨ ਦਾ ਨਿਸਚਾ ਕੀਤਾ। ਇਹ ਬਾਣੀ ਦੀਆਂ ਪੋਥੀਆਂ ਗੋਇੰਦਵਾਲ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਸਪੁੱਤ੍ਰ ਬਾਬਾ ਮੋਹਨ ਜੀ ਕੋਲ ਸੁਰਖਿਅਤ ਸਨ। ਸ੍ਰੀ ਗੁਰੂ ਜੀ ਨੇ ਮਹਾਨ ਗ੍ਰੰਥ ਦੀ ਰਚਨਾ ਕਰਨ ਲਈ ਇਹ ਪੋਥੀਆਂ ਲਿਆਉਣ ਲਈ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਗੋਇੰਦਵਾਲ ਬਾਬਾ ਮੋਹਨ ਜੀ ਕੋਲ ਭੇਜਿਆ। ਦੋਵੇਂ ਗੁਰਸਿੱਖ ਬਾਬਾ ਮੋਹਨ ਜੀ ਦੀ ਸਮਾਧੀ ਨਾ ਖੋਲ੍ਹ ਸਕੇ ਤੇ ਪੋਥੀਆਂ ਨਾ ਮਿਲਣ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗੋਇੰਦਵਾਲ ਪਹੁੰਚੇ ਤੇ ਬਾਬਾ ਮੋਹਨ ਜੀ ਦੇ ਚੁਬਾਰੇ ਦੇ ਬਾਹਰ ਬੈਠਕੇ ਸਰੰਦਾ ਵਜਾ ਕੇ ਬੜੇ ਪ੍ਰੇਮ ਨਾਲ ਇਹ ਸ਼ਬਦ ਗਾਂਵਿਆ:-

*ਗਉੜੀ ਮਹਲਾ ੫ ॥* *(ਪੰਨਾ ੨੪੮)*

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ

ਜੀਉ ਸੰਤ ਧਰਮ ਸਾਲਾ॥
ਧਰਮ ਸਾਲ ਅਪਾਰ ਦੈਆਰ ਠਾਕੁਰ
ਸਦਾ ਕੀਰਤਨੁ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ
ਤਹਾ ਤੁਝਹਿ ਧਿਆਵਹੇ॥
ਕਰਿ ਦਇਆ ਮਇਆ ਦਇਆਲ ਸੁਆਮੀ
ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਸੇ
ਮਿਲਿ ਦਰਸਨ ਸੁਖੁ ਸਾਰਾ॥ ੧ ॥

ਇਸ ਸਾਰੇ ਸ਼ਬਦ ਨੂੰ ਸੁਣਕੇ ਬਾਬਾ ਮੋਹਨ ਜੀ ਦੀ ਸਮਾਧੀ ਖੁਲ੍ਹ ਗਈ। ਬਾਬਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੜੇ ਪ੍ਰੇਮ ਨਾਲ ਗੁਰਬਾਣੀ ਦੀਆਂ ਸਾਰੀਆਂ ਪੋਥੀਆਂ ਦੇ ਦਿੱਤੀਆਂ। ਸਤਿਗੁਰੂ ਜੀ ਪੋਥੀਆਂ ਨੂੰ ਪਾਲਕੀ ਵਿਚ ਰਖਕੇ ਬੜੀ ਸ਼ਰਧਾ ਤੇ ਪ੍ਰੇਮ ਨਾਲ ਗੁਰਸਿੱਖਾਂ ਸਮੇਤ ਅੰਮ੍ਰਿਤਸਰ ਲੈ ਆਏ।

ਸੰਮਤ ੧੬੬੦ ਬਿ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨ ਲਈ ਸ੍ਰੀ ਅੰਮ੍ਰਿਤਸਰ ਤੋਂ ਬਾਹਰ ਸ੍ਰੀ ਰਾਮਸਰ ਵਾਲੇ ਇਕਾਂਤ ਅਸਥਾਨ 'ਤੇ ਤੰਬੂ ਤੇ ਛੌਲਦਾਰੀਆਂ ਲਗਵਾਕੇ ਸ੍ਰੀ ਗੁਰੂ ਅਰਜਨ ਦੇਵ ਜੀ

ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਆ ਬਿਰਾਜੇ। ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਤਰਤੀਬਵਾਰ ਕਰਕੇ ਸਤਿਗੁਰੂ ਜੀ ਆਪ ਬੋਲੀ ਜਾਣ ਲਗੇ ਤੇ ਭਾਈ ਗੁਰਦਾਸ ਜੀ ਲਿਖਣ ਲਗੇ। ਲਗ ਪਗ ਇਕ ਸਾਲ ਦਾ ਸਮਾਂ ਇਸ ਕਾਰਜ 'ਤੇ ਲਗ ਗਿਆ। ਸੰਮਤ ੧੬੬੧ ਵਿਚ ਇਹ ਪਵਿੱਤਰ ਗ੍ਰੰਥ ਤਿਆਰ ਹੋ ਗਿਆ। ਇਸ ਗ੍ਰੰਥ ਦੀ ਜਿਲਦ ਬੰਨ੍ਹਵਾਉਣ ਲਈ ਭਾਈ ਬੰਨੋ ਜੀ ਨੂੰ ਲਾਹੌਰ ਭੇਜਿਆ ਗਿਆ। ਭਾਈ ਬੰਨੋ ਜੀ ਨੇ ਲਾਹੌਰ ਜਾਣ ਤੇ ਵਾਪਸ ਆਉਣ ਦੇ ਸਮੇਂ ਵਿਚ ਹੀ ਰਸਤੇ ਵਿਚ ਲਿਖਾਰੀਆਂ ਤੋਂ ਇਸ ਗ੍ਰੰਥ ਦਾ ਉਤਾਰਾ ਕਰਵਾ ਕੇ ਇਕ ਹੋਰ ਗ੍ਰੰਥ ਲਿਖਵਾ ਲਿਆ। ਭਾਈ ਬੰਨੋ ਜੀ ਨੇ ਦੋਹਾਂ ਗ੍ਰੰਥਾਂ ਦੀਆਂ ਬੜੀਆਂ ਸੁੰਦਰ ਸੁਨਹਿਰੀਆਂ ਜਿਲਦਾਂ ਬੰਨ੍ਹਵਾ ਕੇ ਸਤਿਗੁਰੂ ਜੀ ਅਗੇ ਦੋ ਗ੍ਰੰਥ ਆਣ ਧਰੇ। ਸਤਿਗੁਰੂ ਜੀ ਨੇ ਭਾਈ ਬੰਨੋ ਜੀ ਨੂੰ ਪੁਛਿਆ ਭਾਈ ਸਾਹਿਬ ਜੀ! ਇਕ ਗ੍ਰੰਥ ਦੀ ਜਗ੍ਹਾ ਦੋ ਗ੍ਰੰਥ ਕਿਵੇਂ ਹੋ ਗਏ?

ਭਾਈ ਸਾਹਿਬ ਜੀ ਨੇ ਹੱਥ ਜੋੜਕੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ, ਕਿ ਸੱਚੇ ਪਾਤਸ਼ਾਹ! ਦਾਸ ਨੇ ਵੇਖਿਆ ਕਿ ਇਕ ਗ੍ਰੰਥ ਤਾਂ ਸਦਾ ਅੰਮ੍ਰਿਤਸਰ ਵਿਖੇ

ਰਿਹਾ ਕਰੇਗਾ। ਦੂਰ ਦੀਆਂ ਸੰਗਤਾਂ ਨੂੰ ਦਰਸ਼ਨ ਦੁਰਲਭ ਹੋਇਆ ਕਰਨਗੇ। ਇਸ ਲਈ ਦਾਸ ਨੇ ਰਸਤੇ ਵਿਚ ਲਿਖਾਰੀਆਂ ਤੋਂ ਇਸ ਗ੍ਰੰਥ ਦਾ ਇਕ ਉਤਾਰਾ ਹੋਰ ਕਰਵਾ ਲਿਆਂਦਾ ਹੈ।

ਸਤਿਗੁਰੂ ਜੀ ਭਾਈ ਸਾਹਿਬ ਜੀ ਦੀ ਪਰਉਪਕਾਰ ਵਾਲੀ ਸ਼ੁਭ ਭਾਵਨਾ ਵੇਖਕੇ ਬੜੇ ਪ੍ਰਸੰਨ ਹੋਏ। ਆਪ ਨੇ ਬਚਨ ਕੀਤਾ ਕਿ ਭਾਈ ਸਾਹਿਬ ਜੀ! ਆਪ ਨੇ ਗੁਰਸਿੱਖਾਂ ਦੇ ਕਲਿਆਣ ਦੀ ਸ਼ੁਭ ਭਾਵਨਾ ਨਾਲ ਇਕ ਤੋਂ ਦੋ ਗ੍ਰੰਥ ਬਣਾ ਦਿਤੇ ਹਨ, ਸੋ ਸਾਨੂੰ ਆਪ ਦਾ ਇਹ ਸ਼ੁਭ ਕਰਮ ਪ੍ਰਵਾਨ ਹੈ। ਜਾਓ, ਇਹ ਦੂਜਾ ਗ੍ਰੰਥ ਆਪਣੇ ਬਾਰ ਦੇ ਇਲਾਕੇ ਆਪਣੇ ਨਗਰ ਮਾਂਗਟ ਵਿਚ ਲੈ ਜਾਓ ਤੇ ਗੁਰਬਾਣੀ ਦਾ ਖੁਲ੍ਹਾ ਪ੍ਰਚਾਰ ਕਰੋ। ਸੰਗਤਾਂ ਨੂੰ ਖੁਲ੍ਹੇ ਦਰਸ਼ਨ ਕਰਾਓ। ਗੁਰਬਾਣੀ ਦੀ ਦਾਤ ਘਰ ਘਰ ਵੰਡੋ।

ਇਸ ਤੋਂ ਬਾਅਦ ਸਤਿਗੁਰੂ ਜੀ ਨੇ ਪਹਿਲੇ ਰਚੇ ਆਦਿ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਭਾਦਰੋਂ ਸੁਦੀ ਏਕਮ ਸੰਮਤ ੧੬੬੧ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਮੁੱਖ ਗ੍ਰੰਥੀ ਨੀਯਤ ਕੀਤਾ ਗਿਆ। ਇਸ ਦਿਨ ਤੋਂ ਸ੍ਰੀ

ਹਰਿਮੰਦਰ ਸਾਹਿਬ ਜੀ ਵਿਚ ਹਰ ਰੋਜ਼ ਇਸ ਪਵਿੱਤ੍ਰ ਬੀੜ ਦਾ ਪ੍ਰਕਾਸ਼ ਹੋਣ ਲੱਗ ਪਿਆ। ਦੂਰ ਦੂਰ ਦੇ ਸਿੱਖ ਬੜੀ ਸ਼ਰਧਾ ਨਾਲ ਦਰਸ਼ਨਾਂ ਲਈ ਹੁਮ ਹੁਮਾ ਕੇ ਆਉਂਦੇ ਤੇ ਗੁਰਬਾਣੀ ਦੇ ਇਸ ਨਵੇਂ ਰਚੇ ਮਹਾਨ ਗ੍ਰੰਥ ਦੇ ਦਰਸ਼ਨ ਕਰਕੇ ਆਪਣੇ ਜਨਮ ਸਫਲੇ ਕਰਦੇ। ਬਾਬਾ ਬੁੱਢਾ ਜੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਮਹਾਰਾਜ ਦਾ ਵਾਕ ਲੈਂਦੇ ਤੇ ਭਾਈ ਗੁਰਦਾਸ ਜੀ ਇਸ ਵਾਕ ਦੀ ਕਥਾ ਕਰਿਆ ਕਰਦੇ।

ਦੂਜੀ ਬੀੜ ਭਾਈ ਬੰਨੋ ਜੀ ਆਪਣੇ ਨਗਰ ਮਾਂਗਟ, ਜ਼ਿਲ੍ਹਾ ਗੁਜਰਾਤ ਵਿਖੇ ਲੈ ਗਏ, ਜਿਥੇ ਬਾਰ ਦੀਆਂ ਸੰਗਤਾਂ ਦਰਸ਼ਨ ਕਰਕੇ ਨਿਹਾਲ ਹੁੰਦੀਆਂ ਰਹੀਆਂ। ਇਸ ਬੀੜ ਤੋਂ ਉਤਾਰੇ ਹੋ ਕੇ ਅਗੋਂ ਹੋਰ ਕਈ ਗ੍ਰੰਥ ਤਿਆਰ ਹੋਣ ਲੱਗ ਪਏ। ਇਉਂ ਭਾਈ ਬੰਨੋ ਜੀ ਦੀ ਕਿਰਪਾ ਨਾਲ ਸਿੱਖ-ਜਗਤ ਲਈ ਗੁਰਬਾਣੀ ਦਾ ਯੱਗ ਲੱਗ ਗਿਆ।

## ਦਮਦਮੀ ਬੀੜ ਦੀ ਰਚਨਾ

ਕਾਫ਼ੀ ਸਮਾਂ ਸਿੱਖ ਸੰਗਤਾਂ ਇਸ ਪਵਿੱਤਰ ਗ੍ਰੰਥ ਦੇ ਦਰਸ਼ਨ ਅੰਮ੍ਰਿਤਸਰ ਪੁਜਕੇ ਕਰਦੀਆਂ ਰਹੀਆਂ।

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰ-ਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਭਗਤੀ ਦੇ ਨਾਲ ਸ਼ਕਤੀ ਦੀ ਵਰਤੋਂ ਸ਼ੁਰੂ ਕਰ ਦਿੱਤੀ। ਮੁਗ਼ਲ ਹਕੂਮਤ ਨਾਲ ਜੁੱਧਾਂ ਜੰਗਾਂ ਦਾ ਮੌਕਾ ਬਣ ਗਿਆ। ਸਤਿਗੁਰੂ ਜੀ ਨੂੰ ਅੰਮ੍ਰਿਤਸਰ ਤਿਆਗ ਕੇ ਅੰਮ੍ਰਿਤਸਰ ਤੋਂ ਬਾਹਰ ਜਾਣਾ ਪਿਆ। ਇਸੇ ਸਮੇਂ ਬਾਬਾ ਪ੍ਰਿਥੀ ਚੰਦ ਦਾ ਪੁੱਤ੍ਰ ਧੀਰ ਮਲ ਇਹ ਬੀੜ ਲੈ ਕੇ ਕਰਤਾਰਪੁਰ ਜਾ ਵਸਿਆ। ਇਸ ਤੋਂ ਪਿੱਛੋਂ ਸਿੱਖ ਸੰਗਤਾਂ ਕਰਤਾਰਪੁਰ ਪਹੁੰਚ ਕੇ ਇਸ ਬੀੜ ਦੇ ਦਰਸ਼ਨ ਕਰਨ ਲੱਗ ਪਈਆਂ।

ਸਮਾਂ ਬੀਤਦਾ ਗਿਆ। ਸਤਵੇਂ, ਅੱਠਵੇਂ ਤੇ ਨੌਵੇਂ ਸਤਿਗੁਰੂ ਸਾਹਿਬਾਨ ਦਾ ਸਮਾਂ ਵੀ ਗੁਜ਼ਰ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਵਿਖੇ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਜ਼ੁਲਮ ਰਾਜ ਦਾ ਨਾਸ਼ ਕਰਨ ਲਈ ਜੰਗਾਂ ਜੁੱਧਾਂ ਵਿਚ ਰੁੱਝੇ ਰਹੇ। ਆਪ ਨੇ ਵੀ ਇਸ ਸਮੇਂ ਵਿਚ ਬੇਅੰਤ ਬਾਣੀ ਦੀ ਰਚਨਾ ਕੀਤੀ। ਆਪ ਦੀ ਰਚੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀਂ। ਆਪ ਦੀ ਬਾਣੀ ਦਾ ਵਖਰਾ ਦਸਮ ਗ੍ਰੰਥ ਤਿਆਰ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੰਗਾਂ ਜੁੱਧਾਂ ਤੋਂ ਵੇਹਲਿਆਂ ਹੋ ਕੇ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਨਿਵਾਸ ਕੀਤਾ। ਇਥੇ ਬੈਠਕੇ ਆਪ ਦਾ ਸੰਕਲਪ ਬਣਿਆ ਕਿ ਆਦਿ ਬੀੜ ਦੇ ਦਰਸ਼ਨ ਕੀਤੇ ਜਾਣ ਤੇ ਉਸ ਵਿਚ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰ ਦਿੱਤੀ ਜਾਏ। ਇਸ ਉਦੇਸ਼ ਦੀ ਪੂਰਤੀ ਲਈ ਆਪ ਨੇ ਕੁਛ ਮੁੱਖੀ ਸਿੱਖਾਂ ਨੂੰ ਧੀਰ ਮੱਲ ਕੋਲ ਕਰਤਾਰਪੁਰ ਭੇਜਿਆ ਤੇ ਮੰਗ ਕੀਤੀ ਕਿ ਆਦਿ ਬੀੜ, ਜੋ ਤੁਹਾਡੇ ਕੋਲ ਹੈ, ਦਰਸ਼ਨਾਂ ਲਈ ਸਾਨੂੰ ਭੇਜੋ। ਪਰ ਧੀਰ ਮੱਲ ਨੇ ਬੀੜ ਦੇ ਨਾ ਮੁੜਨ ਦੇ ਡਰ ਕਰਕੇ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ। ਹੋਰ ਕਈ ਅਸਥਾਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੇ ਉਤਾਰੇ ਹੋਏ ਮਿਲਦੇ ਸਨ। ਸੋ ਸ੍ਰੀ ਗੁਰੂ ਜੀ ਨੇ ਹੋਰ ਅਸਥਾਨਾਂ ਤੋਂ ਕੁਛ ਬੀੜਾਂ ਮੰਗਵਾ ਕੇ ਉਹਨਾਂ ਤੋਂ ਸੰਮਤ ੧੭੬੨-੬੩ ਵਿਚ ਇਕ ਨਵੀਂ ਬੀੜ ਭਾਈ ਮਨੀ ਸਿੰਘ ਜੀ (ਸ਼ਹੀਦ) ਤੋਂ ਲਿਖਵਾਈ। ਇਸ ਬੀੜ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਚਾਰੀ ਬਾਣੀ ਅੱਡੋ-ਅੱਡ ਰਾਗਾਂ ਵਿਚ ਦਰਜ ਕੀਤੀ ਗਈ। ਇਸ ਬੀੜ ਦਾ ਨਾਂ

ਸਿੱਖ ਪੰਥ ਵਿਚ 'ਦਮਦਮੀ ਬੀੜ' ਕਰਕੇ ਪ੍ਰਸਿੱਧ ਹੋਇਆ। ਦੱਖਣ ਦਿਸ਼ਾ ਵਲ ਜਾਣ ਸਮੇਂ ਸਤਿਗੁਰੂ ਜੀ ਇਹ ਬੀੜ ਆਪਣੇ ਨਾਲ ਹੀ ਲੈ ਗਏ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਮਿਲਣੀ

ਸ੍ਰੀ ਗੁਰੂ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਆ ਪਹੁੰਚਾ। ਆਪ ਨੇ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਵਿਚ ਸਭ ਸਿੱਖ ਸੰਗਤਾਂ ਦੇ ਭਰੇ ਦੀਵਾਨ ਵਿਚ ਆਪਣੇ ਅੰਤਮ ਬਚਨ ਇਸ ਪ੍ਰਕਾਰ ਕਹੇ:-

'ਗੁਰੂ ਖ਼ਾਲਸਾ ਜੀ ! ਅੱਜ ਤੋਂ ਸਿੱਖ ਸੰਗਤਾਂ ਵਿਚ ਦੇਹਧਾਰੀ ਗੁਰੂ ਦੀ ਪ੍ਰਥਾ ਸਮਾਪਤ ਕੀਤੀ ਜਾਂਦੀ ਹੈ। ਹੁਣ ਅਗੇ ਤੋਂ ਦਸਾਂ ਸਤਿਗੁਰੂਆਂ ਦਾ ਪ੍ਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਨਣਾ ਤੇ ਗੁਰਬਾਣੀ ਦੀ ਅਗਵਾਈ ਵਿਚ ਚਲਣਾ। ਜੋ ਕਾਰਜ ਵੀ ਕਰਨਾ ਹੋਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਆਰੰਭ ਕਰਨਾ। ਹਰ ਦੁਖ ਸੁਖ ਵੇਲੇ ਗੁਰਬਾਣੀ

ਦਾ ਆਸਰਾ ਲੈਣਾ। ਬੜੇ ਪ੍ਰੇਮ ਤੇ ਸ਼ਰਧਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਆਪ ਕਰਨਾ ਜਾਂ ਕਿਸੇ ਪੂਰਨ ਤਿਆਰ-ਬਰ-ਤਿਆਰ ਗੁਰਸਿੱਖ ਕੋਲੋਂ ਪਾਠ ਕਰਵਾਉਣਾ ਤੇ ਆਪ ਕੋਲ ਬੈਠਕੇ ਪਾਠ ਸ੍ਰਵਨ ਕਰਨਾ। ਜਿਸ ਗੁਰਸਿੱਖ ਨੇ ਦਸਾਂ ਸਤਿਗੁਰਾਂ ਦੇ ਪ੍ਰਤੱਖ ਦਰਸ਼ਨ ਕਰਨੇ ਹੋਣ, ਉਹ ਸ੍ਰੀ ਗਰੂ ਗ੍ਰੰਥ ਸ਼ਾਹਿਬ ਜੀ ਦੇ ਦਰਸ਼ਨ ਕਰੇ ਤੇ ਜਿਸ ਨੇ ਸਤਿਗੁਰਾਂ ਜੀ ਨਾਲ ਬਚਨ ਕਰਨੇ ਹੋਣ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ ਅਥਵਾ ਸੁਣੇ। ਆਪਣੀਆਂ ਸਭ ਸ਼ੁਭ ਮਨੋਕਾਮਨਾਵਾਂ ਦੀ ਪੂਰਤੀ ਲਈ ਗੁਰਬਾਣੀ ਦਾ ਜਾਪ ਕਰਨਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੱਤਕ ਸੁਦੀ ਦੂਜ ਸੰਮਤ ੧੭੬੫ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਸੌਂਪ ਕੇ ਗੁਰਸਿੱਖਾਂ ਦੇ ਹਿਰਦਿਆਂ ਵਿਚ ਗੁਰਬਾਣੀ ਦੀ ਮਹੱਤਤਾ ਦ੍ਰਿੜ੍ਹ ਕਰਾਉਣ ਲਈ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ ਕਰਦਿਆਂ ਇਹ ਬਚਨ ਉਚਾਰੇ:-

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ॥

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥
ਜਾ ਕਾ ਹਿਰਦਾ ਸ਼ੁਧ ਹੈ ਖੋਜ ਸ਼ਬਦ ਮਹਿ ਲੇਹ॥

# ਗੁਰਬਾਣੀ ਦੀ ਮਹਿਮਾਂ

ਆਪ ਨੇ ਗੁਰਬਾਣੀ ਦੀ ਮਹਿਮਾਂ ਸੰਬੰਧੀ ਇਹ ਬਚਨ ਕੀਤੇ —

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਵਿਚ ਕੇਵਲ ਇਕ ਅਕਾਲ ਪੁਰਖ ਦੀ ਮਹਿਮਾਂ ਹੀ ਵਰਨਣ ਕੀਤੀ ਗਈ ਹੈ। ਪਹਿਲੇ ਮੂਲ ਮੰਤ੍ਰ '੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥' ਵਿਚ ਪਰਮਾਤਮਾਂ ਦੇ ਨਿਰਗੁਣ ਸਰੂਪ ਦਾ ਵਰਣਨ ਕੀਤਾ ਗਿਆ ਹੈ। ਫਿਰ 'ਜਪੁ' ਬਾਣੀ ਦੇ ਆਦਿ ਵਿਚ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧ ॥' ਸਲੋਕ ਲਿਖ ਕੇ ਉਸ ਪ੍ਰਭੂ ਨੂੰ ਸਤਿ ਸਰੂਪ ਕਰਕੇ ਦਿਖਾਇਆ ਹੈ ਤੇ ਹਰ ਜੁਗ ਵਿਚ ਉਸ ਸੱਚੇ ਪਰਮਾਤਮਾਂ ਦੀ ਜੋਤ ਦਾ ਪਸਾਰਾ ਪਸਰਿਆ ਪ੍ਰਗਟਾਇਆ ਹੈ।

ਗੁਰਬਾਣੀ ਗੁਰੂ ਦਾ ਸਰੂਪ ਹੈ, ਇਸ ਵਿਚ ਨਾਮ-ਅੰਮ੍ਰਿਤੁ ਹੈ, ਜਿਹੜਾ ਸਿੱਖ ਗੁਰਬਾਣੀ ਦੀ ਸਿਖਿਆ ਅਨੁਸਾਰ ਚਲਦਾ ਹੈ, ਸਤਿਗੁਰੂ ਉਸ ਨੂੰ ਭਵ-ਸਾਗਰ ਤੋਂ ਪਾਰ ਕਰ ਦੇਂਦੇ ਹਨ।

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥ ੫ ॥

*(ਨਟ ਮਹਲਾ ੪, ਪੰਨਾ ੯੮੨)*

ਗੁਰਬਾਣੀ ਦਾ ਕੀਰਤਨ ਕਰਨ ਤੇ ਗੁਰਬਾਣੀ ਨੂੰ ਹਿਰਦੇ ਵਿਚ ਵਸਾਉਣ ਨਾਲ ਸਭ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਸਮੂਹ ਦੁਖਾਂ ਦੀ ਨਵਿਰਤੀ ਹੁੰਦੀ ਹੈ-

ਗੁਰਬਾਣੀ ਗਾਵਹ ਭਾਈ॥
ਓਹ ਸਫਲ ਸਦਾ ਸੁਖਦਾਈ॥

*(ਸੋਰਠਿ ਮਹਲਾ ੫, ਪੰਨਾ ੬੨੮)*

ਤਥਾ : ਗੁਰ ਕੀ ਬਾਣੀ ਜਿਸੁ ਮਨਿ ਵਸੈ॥
ਦੂਖੁ ਦਰਦੁ ਸਭੁ ਤਾ ਕਾ ਨਸੈ॥ ੧ ॥

*(ਪ੍ਰਭਾਤੀ ਮਹਲਾ ੧, ਪੰਨਾ ੧੩੦੦)*

ਇਸ ਸੰਸਾਰ ਵਿਚ ਅਗਿਆਨ ਦੇ ਅੰਧੇਰੇ ਨੂੰ

ਨਾਸ਼ ਕਰਨ ਲਈ ਗੁਰਬਾਣੀ ਪ੍ਰਕਾਸ਼ ਰੂਪ ਹੈ। ਉਤਮ ਭਾਗਾਂ ਵਾਲਿਆਂ ਦੇ ਹਿਰਦਿਆਂ ਵਿਚ ਗੁਰਬਾਣੀ ਦਾ ਪ੍ਰਕਾਸ਼ ਹੁੰਦਾ ਹੈ:-

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ ॥ ੧ ॥

*(ਸਿਰੀਰਾਗੁ ਮਹਲਾ ੩, ਪੰਨਾ ੬੭)*

ਹਰ ਗੁਰਸਿੱਖ ਨੂੰ ਕੇਵਲ ਸਤਿਗੁਰੂ ਦੀ ਉਚਾਰੀ ਸੱਚੀ ਬਾਣੀ ਦਾ ਹੀ ਜਾਪ ਕਰਨਾ ਚਾਹੀਦਾ ਹੈ —

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ ॥

*(ਰਾਮਕਲੀ ਮਹਲਾ ੩, ਅਨੰਦੁ)*

ਜਿਨ੍ਹਾਂ ਪੁਰਸ਼ਾਂ ਦੇ ਮਸਤਕ ਦੇ ਭਾਗ ਉੱਤਮ ਹੁੰਦੇ ਹਨ, ਗੁਰਬਾਣੀ ਉਹਨਾਂ ਨੂੰ ਚੰਗੀ ਲੱਗਦੀ ਹੈ ਤੇ ਉਹ ਗੁਰਬਾਣੀ ਦਾ ਅੰਮ੍ਰਿਤ-ਰਸ ਚਖਦੇ ਹਨ—

ਗੁਰਬਾਣੀ ਤਿਨ ਭਾਈਆ ਜਿਨਿ ਮਸਤਕਿ ਭਾਗ ॥

*(ਭਾਈ ਗੁਰਦਾਸ-ਵਾਰ ੪੧)*

ਜਿਹੜਾ ਮਨੁੱਖ ਵਿਸ਼ੇ ਵਿਕਾਰਾਂ ਵਿਚ ਖੱਚਤ ਹੋ

ਕੇ ਗੁਰਬਾਣੀ ਦੀ ਵਿਚਾਰ ਕਰਨੀ ਤਿਆਗ ਦੇਂਦਾ ਹੈ, ਉਹ ਦੁਖੀ ਹੋ ਕੇ ਵਿਰਲਾਪ ਕਰਦਾ ਹੈ-

ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ॥ ੧ ॥

*(ਧਨਾਸਰੀ ਮਹਲਾ ੧, ਪੰਨਾ ੬੬੧)*

ਗੁਰਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦ੍ਰਿੜ੍ਹਾਏ ਸਤਿ ਸਰੂਪ ਇਕ ਅਕਾਲ ਪੁਰਖ ਦੀ ਪੂਜਾ ਕਰਨੀ ਤੇ ਸਿਮਰਨ ਕਰਨਾ ਹੀ ਯੋਗ ਹੈ-

ਏਕੋ ਜਪਿ ਏਕੋ ਸਾਲਾਹਿ॥
ਏਕੁ ਸਿਮਰਿ ਏਕੋ ਮਨ ਆਹਿ॥
ਏਕਸ ਕੇ ਗੁਨ ਗਾਉ ਅਨੰਤ॥
ਮਨਿ ਤਨਿ ਜਾਪਿ ਏਕ ਭਗਵੰਤ॥
ਏਕੋ ਏਕੁ ਏਕੁ ਹਰਿ ਆਪਿ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ॥
ਏਕੁ ਅਰਾਧਿ ਪਰਾਛਤ ਗਏ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮ ॥੧੯ ॥

*(ਸੁਖਮਨੀ ਸਾਹਿਬ)*

ਤਥਾ: ਏਕ ਊਪਰਿ ਜਿਸੁ ਜਨ ਕੀ ਆਸਾ॥
ਤਿਸ ਕੀ ਕਟੀਐ ਜਮ ਕੀ ਫਾਸਾ॥

*(ਸੁਖਮਨੀ ਸਾਹਿਬ)*

ਪੁਰਾਤਨ ਕਾਲ ਵਿਚ ਲੋਕ ਵੇਦਾਂ, ਸ਼ਾਸਤ੍ਰਾਂ ਤੇ ਪੁਰਾਣਾਂ ਦੇ ਦਰਸਾਏ ਮਾਰਗ 'ਤੇ ਚਲਦੇ ਸਨ। ਹਿੰਦੂ ਮੱਤ ਵਿਚ ਬ੍ਰਾਹਮਣਾਂ ਨੂੰ ਹੀ ਸਭ ਕਰਮਾਂ ਦੇ ਕਾਰਨਾਂ ਦਾ ਅਧਿਕਾਰੀ ਮੰਨਿਆ ਜਾਂਦਾ ਸੀ। ਪੰਡਤਾਂ ਦੇ ਉਪਦੇਸ਼ ਅਨੁਸਾਰ ਲੋਕ ਇਕ ਅਕਾਲ ਪੁਰਖ ਦੇ ਸੱਚੇ ਨਾਮ ਨੂੰ ਵਿਸਾਰ ਕੇ ਹੋਰ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਦੇ ਸਨ, ਪਰ ਗੁਰਬਾਣੀ ਵਿਚ ਪ੍ਰਭੂ ਦੇ ਨਾਮ ਦੀ ਮਹਾਨਤਾ ਹੀ ਪ੍ਰਗਟਾਈ ਗਈ ਹੈ। ਇਸ ਵਿਚ ਚੌਹਾਂ ਵਰਨਾਂ ਦੇ ਮਨੁੱਖਾਂ ਨੂੰ ਸਾਂਝਾ ਉਪਦੇਸ਼ ਦਿਤਾ ਗਿਆ ਹੈ। ਯਥਾ: –

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ॥

*(ਸੂਹੀ ਮਹਲਾ ੫, ਪੰਨਾ ੭੪੭)*

ਇਸ ਲਈ ਹਰ ਗੁਰਸਿੱਖ ਕੇਵਲ ਇਕ ਪ੍ਰਮਾਤਮਾ ਦੇ ਨਾਮ ਨੂੰ ਹੀ ਸਿਮਰੇ। ਇਸ ਨਾਮ ਨੂੰ ਸਿਮਰਨ ਦਾ ਸਭ ਪ੍ਰਾਣੀ ਮਾਤ੍ਰ ਨੂੰ ਅਧਿਕਾਰ ਹੈ।

ਸਤਿਗੁਰੂ ਜੀ ਦਾ ਫੁਰਮਾਣ ਹੈ:-

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ
ਕੋ ਜਾਪੈ ਹਰਿ ਮੰਤ੍ਰੁ ਜਪੈਨੀ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ
ਨਿਤ ਸੇਵਹੁ ਦਿਨਸੁ ਸਭ ਰੈਨੀ॥੧॥
ਹਰਿ ਜਨ ਦੇਖਹੁ ਸਤਿਗੁਰੁ ਨੈਨੀ॥
ਜੋ ਇਛਹੁ ਸੋਈ ਫਲੁ ਪਾਵਹੁ
ਹਰਿ ਬੋਲਹੁ ਗੁਰਮਤਿ ਬੈਨੀ॥੧॥ ਰਹਾਉ॥
ਅਨਿਕ ਉਪਾਵ ਚਿਤਵੀਅਹਿ ਬਹੁਤੇਰੇ
ਸਾ ਹੋਵੈ ਜਿ ਬਾਤ ਹੋਵੈਨੀ॥
ਅਪਨਾ ਭਲਾ ਸਭੁ ਕੋਈ ਬਾਛੈ
ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ॥੨॥
ਮਨ ਕੀ ਮਤਿ ਤਿਆਗਹੁ ਹਰਿ ਜਨ
ਏਹਾ ਬਾਤ ਕਠੈਨੀ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ
ਗੁਰ ਸਤਿਗੁਰ ਕੀ ਮਤਿ ਲੈਨੀ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ
ਹਮ ਜੰਤ ਤੂ ਪੁਰਖੁ ਜੰਤੈਨੀ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ

ਜਿਉ ਭਾਵੈ ਤਿਵੈ ਬੁਲੈਨੀ ॥ ੪ ॥ ੫ ॥

(ਬਿਲਾਵਲੁ ਮਹਲਾ ੪, ਪੰਨਾ ੮੦੦)

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਸੰਗਤਾਂ ਨੂੰ ਇਹੋ ਜਿਹੇ ਸ਼ੁਭ ਉਪਦੇਸ਼ ਕਰਕੇ ਤੇ ਗੁਰਬਾਣੀ ਦੀ ਮਹਿਮਾਂ ਦ੍ਰਿੜ੍ਹ ਕਰਾ ਕੇ ਸਿੱਖ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਕੇ ਆਪ ਕੱਤਕ ਸੁਦੀ ਪੰਚਮੀ ਸੰਮਤ ੧੭੬੫ ਨੂੰ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ (ਦੱਖਣ) ਵਿਖੇ ਜੋਤੀ ਜੋਤ ਸਮਾ ਗਏ।

ਇਸ ਦਿਨ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਹਿਬ ਸ੍ਰੀ ਕਲਗੀਧਰ ਜੀ ਦੀ ਲਿਖਾਈ ਦਮਦਮੀ ਬੀੜ ਸਿੱਖ ਪੰਥ ਵਿਚ ਪ੍ਰਚੱਲਤ ਹੋਈ ਤੇ ਇਸੇ ਸਰੂਪ ਨੂੰ ਸਿੱਖ ਸੰਗਤਾਂ ਸਤਿਗੁਰਾਂ ਦਾ ਪ੍ਰਤੱਖ ਸਰੂਪ ਜਾਣਕੇ ਅੱਜ ਤਕ ਮੰਨਦੀਆਂ ਆ ਰਹੀਆਂ ਹਨ ਤੇ ਇਸੇ ਪ੍ਰਚਲਤ ਸਰੂਪ ਦੇ ਸਹਿਜ ਪਾਠ ਤੇ

ਅਖੰਡ ਪਾਠ ਗੁਰਸਿੱਖ ਕਰਦੇ ਕਰਾਉਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਗੁਰਸਿੱਖ ਇਹ ਦਮਦਮੀ ਬੀੜ ਗੁਰਦੁਆਰਾ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਲੈ ਆਏ ਸਨ ਤੇ ਇਸੇ ਬੀੜ ਤੋਂ ਬਾਬਾ ਦੀਪ ਸਿੰਘ ਜੀ (ਸ਼ਹੀਦ) ਨੇ ਚਾਰ ਉਤਾਰੇ ਕਰਵਾ ਕੇ ਚੌਹਾਂ ਤਖਤਾਂ 'ਤੇ ਇਕ ਇਕ ਬੀੜ ਭੇਜ ਦਿੱਤੀ ਸੀ।

ਫਿਰ ਇਹ ਬੀੜ ਦਲ ਖਾਲਸਾ ਦੇ ਸਿੰਘਾਂ ਕੋਲ ਪਹੁੰਚ ਗਈ। ਸੰਮਤ ੧੮੧੮ ਦੇ 'ਵੱਡੇ ਘੱਲੂਘਾਰੇ' ਵਿਚ ਖਾਲਸਾ ਦਲ ਦੇ ਹੱਥੋਂ ਇਹ ਬੀੜ ਜਾਂਦੀ ਰਹੀ। ਹੁਣ ਇਸ ਬੀੜ ਤੋਂ ਹੋਏ ਉਤਾਰਿਆਂ ਵਾਲਾ ਸਰੂਪ ਹੀ ਪੰਥ ਵਿਚ ਪ੍ਰਚਲਤ ਹੈ।

ਪਹਿਲੀ ਆਦਿ ਬੀੜ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਸ੍ਰੀ ਰਾਮਸਰ ਵਾਲੇ ਅਸਥਾਨ 'ਤੇ ਲਿਖਵਾਈ ਸੀ, ਉਹ ਬੀੜ ਅੱਜ ਕਲ੍ਹ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਚ ਗੁ: ਸੀਸ ਮਹਿਲ ਵਿਖੇ ਸੁਭਾਇਮਾਨ ਹੈ।

-0-

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਵਿਧੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਸੌਂਪ ਕੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰਸਿੱਖ ਪੂਰਨ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਸਤਿਗੁਰੂਆਂ ਦਾ ਪ੍ਰਤੱਖ ਸਰੂਪ ਮੰਨਣ ਲਗ ਪਏ। ਗੁਰਸਿੱਖਾਂ ਵਿਚ ਆਪਣੇ ਹਰ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਤੇ ਜਾਣ ਦੀ ਪ੍ਰਥਾ ਚਾਲੂ ਹੋ ਗਈ। ਕਿਸੇ ਕਾਰਜਾ ਦੇ ਆਰੰਭ ਕਰਨ ਸਮੇਂ, ਵਿਆਹ ਸ਼ਾਦੀਆਂ ਸਮੇਂ, ਨਵੇਂ ਮਕਾਨ ਵਿਚ ਪਰਵੇਸ਼ ਕਰਨ ਸਮੇਂ, ਪ੍ਰਾਣੀ ਦੇ ਚਲਾਣਾ ਕਰ ਜਾਣ ਤੋਂ ਬਾਅਦ ਉਸ ਦੀ ਆਤਮਿਕ ਸ਼ਾਂਤੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਹੋਣ ਲੱਗ ਪਏ। ਸਹਿਜੇ ਸਹਿਜੇ ਸਿੱਖ ਪੰਥ ਦੇ ਧਾਰਮਿਕ ਆਗੂਆਂ, ਗੁਣੀ ਗਿਆਨੀਆਂ, ਸੰਤਾਂ, ਮਹਾਤਮਾਂ ਤੇ ਪ੍ਰਚਾਰਕਾਂ ਨੇ ਸਹਿਜ ਪਾਠ ਤੋਂ ਬਿਨਾਂ ਪਾਠਾਂ ਦੀਆਂ ਹੋਰ ਕਈ ਪ੍ਰਕਾਰ ਦੀਆਂ

ਵਿਧੀਆਂ ਪ੍ਰਚੱਲਤ ਕਰ ਦਿੱਤੀਆਂ। ਇਸ ਸਮੇਂ ਸਿੱਖ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੇਠ ਲਿਖੇ ਅਨੁਸਾਰ ਪਾਠਾਂ ਦੀਆਂ ਭਿੰਨ ਭਿੰਨ ਵਿਧੀਆਂ ਚਲ ਰਹੀਆਂ ਹਨ—

ਸਹਿਜ ਪਾਠ ਅਥਵਾ ਖੁਲ੍ਹਾ ਪਾਠ।

ਅਖੰਡ ਪਾਠ।

ਸਪਤਾਹਕ ਪਾਠ।

ਸੰਪਟ ਪਾਠ।

ਸੂਰਜ ਉਦੇ ਅਸਤ ਦਾ ਅਖੰਡ ਪਾਠ।

ਅਤਿ ਅਖੰਡ ਪਾਠ।

ਉਪਰੋਕਤ ਭਿੰਨ ਭਿੰਨ ਪ੍ਰਕਾਰ ਦੇ ਪਾਠਾਂ ਦੀਆਂ ਵਿਧੀਆਂ ਅਗੇ ਵਰਣਨ ਕੀਤੀਆਂ ਜਾਂਦੀਆਂ ਹਨ।

## ਪਾਠੀ ਸਿੰਘਾਂ ਦੇ ਲੱਛਣ

ਜਿਨ੍ਹਾਂ ਗੁਰਮੁਖ ਪਾਠੀ ਸਿੰਘਾਂ ਤੋਂ ਪਾਠ ਕਰਾਇਆ ਜਾਣਾ ਹੋਵੇ, ਉਹ ਹੇਠ ਲਿਖੇ ਲੱਛਣਾਂ ਵਾਲੇ ਪਾਠੀ ਸਿੰਘ ਹੋਣ:-

ਪਾਠੀ ਸਿੰਘ ਗੁਰਬਾਣੀ ਵਿਚ ਪੂਰਨ ਸ਼ਰਧਾ ਰੱਖਣ ਵਾਲਾ ਤੇ ਗੁਰੂ ਘਰ ਦਾ ਪ੍ਰੇਮੀ ਹੋਵੇ। ਤਿਆਰ-

ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਹੋਵੇ। ਵਿਦਵਾਨ, ਗਿਆਨੀ ਤੇ ਗੁਣਵਾਨ ਹੋਵੇ। ਗੁਰਬਾਣੀ ਦੇ ਅਰਥ-ਭਾਵ ਨੂੰ ਸਮਝਣ ਵਾਲਾ ਹੋਵੇ। ਪਾਠ ਸਪੱਸ਼ਟ ਕਰੇ, ਜਿਹੜਾ ਕਿ ਸੁਣਨ ਵਾਲੇ ਨੂੰ ਸਪੱਸ਼ਟ ਸੁਣਾਈ ਦੇਵੇ। ਪਾਠੀ ਦੀ ਰਸਨਾ ਵਿਚ ਰਸ ਹੋਵੇ। ਗੁਰਬਾਣੀ ਦਾ ਨਿਤਨੇਮੀ ਹੋਵੇ। ਸਤਿਗੁਰਾਂ ਦਾ ਭੈ ਮੰਨਣ ਵਾਲਾ ਹੋਵੇ। ਲੋਭ ਰਹਿਤ ਹੋਵੇ। ਸੰਤੋਖ ਦਾ ਧਾਰਨੀ ਹੋਵੇ। ਵਿਸ਼ੇ ਵਿਕਾਰਾਂ ਦਾ ਤਿਆਗੀ ਹੋਵੇ। ਪਵਿੱਤਰ ਰਹਿਣੀ ਵਾਲਾ ਹੋਵੇ। ਉੱਜਲ ਦੀਦਾਰੀ ਸਰੂਪ ਵਾਲਾ ਹੋਵੇ। ਸਤਿਵਾਦੀ ਹੋਵੇ। ਸ਼ੁਭ ਗੁਣਾਂ ਦਾ ਧਾਰਨੀ ਹੋਵੇ।

ਉਪ੍ਰੋਕਤ ਸ਼ੁਭ ਗੁਣਾਂ ਵਾਲੇ ਪਾਠੀ ਸਿੰਘ ਤੋਂ ਪਾਠ ਕਰਵਾ ਕੇ ਬੜੇ ਪਰੇਮ ਤੇ ਸ਼ਰਧਾ ਨਾਲ ਜਿਹੜਾ ਪਰੇਮੀ ਸ੍ਰਵਣ ਕਰਦਾ ਹੈ ਤੇ ਪਾਠੀ ਸਿੰਘ ਦੀ ਯਥਾਸ਼ਕਤ ਸੇਵਾ ਕਰਦਾ ਹੈ, ਉਸ ਦੀਆਂ ਸਭ ਮਨੋਂ ਕਾਮਨਾਵਾਂ ਸਤਿਗੁਰੂ ਜੀ ਪੂਰੀਆਂ ਕਰਦੇ ਹਨ। ਹਰ ਤਰ੍ਹਾਂ ਦੇ ਸੰਕਟ ਨਵਿਰਤ ਹੋ ਜਾਂਦੇ ਹਨ ਤੇ ਘਰ ਵਿਚ ਨੌਂ ਨਿਧਾਂ ਤੇ ਅਠਾਰਾਂ ਸਿਧਾਂ ਦਾ ਪ੍ਰਵੇਸ਼ ਹੁੰਦਾ ਹੈ। ਕਾਰ ਵਿਹਾਰ ਵਿਚ ਵਾਧਾ ਹੁੰਦਾ ਹੈ। ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ

ਜਦੋਂ ਵੀ ਕਿਸੇ ਕਾਰਜ ਲਈ ਸਹਿਜ ਪਾਠ ਜਾਂ ਅਖੰਡ ਪਾਠ ਆਰੰਭ ਕਰਨਾ ਹੋਵੇ, ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਵਾਲੇ ਅਸਥਾਨ (ਦੀਵਾਨ ਅਸਥਾਨ) ਦੀ ਤਿਆਰੀ ਇਸ ਪਰਕਾਰ ਕਰਨੀ ਚਾਹੀਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਲੱਗਿਆਂ ਪੂਰਬ, ਪੱਛਮ, ਉੱਤਰ ਤੇ ਦੱਖਣ ਆਦਿ ਕਿਸੇ ਦਿਸ਼ਾ ਦਾ ਵੀਚਾਰ ਨਹੀਂ ਕਰਨਾ। ਜਿਸ ਤਰ੍ਹਾਂ ਦਾ ਅਸਥਾਨ ਹੋਵੇ, ਉਸ ਮੁਤਾਬਕ ਹੀ ਪ੍ਰੋਗ੍ਰਾਮ ਬਣਾ ਲੈਣਾ ਚਾਹੀਦਾ ਹੈ। ਬਾਹਰੋਂ ਆਉਣ ਵਾਲੀਆਂ ਸੰਗਤਾਂ ਨੂੰ ਸਾਹਮਣੇ ਆਉਣ ਤੇ ਸਤਿਗੁਰੂ ਜੀ ਦੇ ਦਰਸ਼ਨ ਹੋਣੇ ਚਾਹੀਦੇ ਹਨ। ਜੇ ਜਗ੍ਹਾ ਕੱਚੀ ਹੋਵੇ ਤਾਂ ਲੇਪਨ ਕਰ ਕੇ ਜਗ੍ਹਾ ਚੰਗੀ ਤਰ੍ਹਾਂ ਸਾਫ਼ ਕਰ ਲੈਣੀ ਚਾਹੀਦੀ ਹੈ। ਜੇ ਜਗ੍ਹਾ ਪੱਕੀ ਹੋਵੇ ਤਾਂ ਚੰਗੀ ਤਰ੍ਹਾਂ ਧੋ ਕੇ ਖੁਸ਼ਕ ਕਰੋ। ਜੇ ਤਖ਼ਤਪੋਸ਼ ਜਾਂ ਉੱਚੇ ਥੜੇ ਦਾ

ਪ੍ਰਬੰਧ ਹੋ ਸਕੇ ਤਾਂ ਬੜਾ ਚੰਗਾ ਹੈ, ਨਹੀਂ ਤਾਂ ਧਰਤੀ 'ਤੇ ਬੜਾ ਸੁੰਦਰ ਵਿਛੌਣਾ ਕਰਕੇ ਪ੍ਰਕਾਸ਼ ਕਰੋ। ਵਿਛਾਈ ਵਾਸਤੇ ਬਸਤ੍ਰ-ਚੱਦਰਾਂ, ਦਰੀਆਂ, ਗਲੀਚਾ ਆਦਿ ਸਵੱਛ ਤੇ ਧੋਤੇ ਹੋਣੇ ਚਾਹੀਦੇ ਹਨ। ਮਹਾਰਾਜ ਵਾਸਤੇ ਵੱਖਰੀ ਵਿਛਾਈ ਹੋਵੇ, ਜਿਸ 'ਤੇ ਸਿਰਫ਼ ਮੰਜੀ ਸਾਹਿਬ ਹੀ ਡਾਹੀ ਜਾਵੇ। ਮੰਜੀ ਸਾਹਿਬ ਉੱਪਰ ਸੁੰਦਰ ਬਿਸਤਰਾ ਸੋਹਣੇ ਰੁਮਾਲਿਆਂ ਵਾਲਾ ਕੀਤਾ ਜਾਵੇ। ਪ੍ਰਕਾਸ਼ ਕਰਨ ਦਾ ਅਸਥਾਨ ਚਾਹੇ ਬਾਹਰ ਖੁੱਲ੍ਹਾ ਹੋਵੇ ਜਾਂ ਕਿਸੇ ਇਮਾਰਤ ਦੇ ਅੰਦਰ ਹੋਵੇ, ਉੱਪਰ ਚੰਦੋਆ ਜ਼ਰੂਰ ਲਾਇਆ ਜਾਵੇ। ਚੰਦੋਏ ਦੇ ਵਿਚਕਾਰ ਜੇ ਸੁਨਹਿਰੀ ਛੱਬਾ ਲੱਗ ਸਕਦਾ ਹੋਵੇ ਤਾਂ ਜ਼ਰੂਰ ਲਾਇਆ ਜਾਵੇ। ਮਹਾਰਾਜ ਉੱਪਰ ਕਰਨ ਵਾਲਾ ਚੌਰ ਬਹੁਤ ਸੁੰਦਰ ਤੇ ਸਾਫ਼ ਹੋਣਾ ਚਾਹੀਦਾ ਹੈ। ਸੁਖ ਆਸਨ ਵਾਲੇ ਅਸਥਾਨ ਤੋਂ ਪ੍ਰਕਾਸ਼-ਅਸਥਾਨ ਤਕ ਮਹਾਰਾਜ ਦੀ ਅਸਵਾਰੀ ਬੜੇ ਅਦਬ ਸਤਿਕਾਰ ਨਾਲ ਪਾਠੀ ਸਿੰਘ ਸਿਰ 'ਤੇ ਚੁਕ ਕੇ ਲਿਆਵੇ। ਜੇ ਫਾਸਲਾ ਦੂਰ ਦਾ ਹੋਵੇ ਤਾਂ ਪਾਲਕੀ ਵਿਚ ਅਸਵਾਰੀ ਲਿਆਂਦੀ ਜਾਵੇ। ਅਸਵਾਰੀ ਦੇ ਅੱਗੇ ਨਰਸਿੰਘੇ, ਸੰਖ ਆਦਿ ਦੀ ਧੁਨੀ ਹੋਣੀ ਚਾਹੀਦੀ ਹੈ।

ਅਸਵਾਰੀ ਲਿਆਂਦੇ ਸਮੇਂ ਸੰਗਤ ਗੁਰਬਾਣੀ ਦੇ ਸ਼ਬਦਾਂ ਦਾ ਉਚਾਰਨ ਕਰਦੀ ਆਵੇ। ਅੱਜ ਕਲ੍ਹ ਮਹਾਰਾਜ ਦੀ ਅਸਵਾਰੀ ਦੂਰ ਲਿਜਾਣ ਲਈ ਕਾਰ ਰਿਕਸ਼ਾ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸਮੇਂ ਪੂਰੇ ਅਦਬ ਦਾ ਖਿਆਲ ਰੱਖਣਾ ਚਾਹੀਦਾ ਹੈ। ਜੇ ਇਕ ਟਿਕਾਣੇ ਤੋਂ ਦੂਜੇ ਘਰ ਮਹਾਰਾਜ ਦੀ ਬੀੜ ਪੈਦਲ ਲਿਜਾਣੀ ਪਵੇ ਤਾਂ ਪੰਜ ਸਤ ਪਰੇਮੀ ਜ਼ਰੂਰ ਨਾਲ ਹੋਣ। ਮਹਾਰਾਜ ਦੀ ਬੀੜ ਲਿਜਾਣ ਸਮੇਂ ਪਾਠੀ ਸਿੰਘ ਇਸ ਭਾਵ ਦੀ ਛੋਟੀ ਅਰਦਾਸ ਕਰੇ-"ਹੇ ਸੱਚੇ ਪਾਤਸ਼ਾਹ! ਆਪ ਜੀ ਦੀ ਅਸਵਾਰੀ ਪਾਠ ਆਰੰਭ ਕਰਨ ਲਈ ਸੰਗਤ ਲਿਜਾ ਰਹੀ ਹੈ, ਆਪ ਨੇ ਆਪਣੀ ਮਿਹਰ ਕਰਨੀ, ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕਰਨਾ।" ਪਾਠੀ ਸਿੰਘ ਮਹਾਰਾਜ ਦੀ ਬੀੜ ਸਿਰ 'ਤੇ ਚੁੱਕ ਲਵੇ, ਪਿੱਛੇ ਇਕ ਪ੍ਰੇਮੀ ਚੌਰ ਕਰਦਾ ਹੋਵੇ, ਅੱਗੇ ਅੱਗੇ ਇਕ ਪ੍ਰੇਮੀ ਜਲ ਦਾ ਤਰੌਂਕਾ ਦਿੰਦਾ ਜਾਵੇ ਨਾਲ ਨਾਲ ਕਿਸੇ ਸ਼ਬਦ ਦਾ ਜਾਂ ਸਤਿਨਾਮ ਸ੍ਰੀ ਵਾਹਿਗੁਰੂ ਦਾ ਉਚਾਰਨ ਹੁੰਦਾ ਜਾਵੇ। ਮਹਾਰਾਜ ਦੀ ਅਸਵਾਰੀ ਆਉਣ ਤੋਂ ਪਹਿਲਾਂ ਪ੍ਰਕਾਸ਼-ਅਸਥਾਨ ਦੀ ਵਿਛਾਈ ਪੂਰੀ ਤਰ੍ਹਾਂ ਕੀਤੀ ਹੋਵੇ। ਮਹਾਰਾਜ ਦੇ ਆਉਣ ਤੇ

ਅੱਗੇ ਬੈਠੀ ਸੰਗਤ ਉੱਠ ਕੇ ਸਵਾਗਤ ਕਰੇ। ਬੀੜ ਸਾਹਿਬ ਨੂੰ ਮੰਜੀ ਸਾਹਿਬ 'ਤੇ ਬਿਰਾਜਮਾਨ ਕਰਨ ਤੋਂ ਬਾਅਦ ਸਭ ਸੰਗਤ ਦੀਵਾਨ ਵਿਚ ਸਜ ਜਾਵੇ।

ਗ੍ਰੰਥੀ ਸਿੰਘ ਦੋ ਹੋਰ ਸਿੰਘਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਗ੍ਰੰਥ ਜੀ ਦਾ ਪ੍ਰਕਾਸ਼ ਕਰੇ। ਪ੍ਰਕਾਸ਼ ਕਰਨ ਸਮੇਂ ਸਾਰੀ ਸੰਗਤ ਇਹਨਾਂ ਸ਼ਬਦਾਂ ਨੂੰ ਮਿਲਕੇ ਪੜ੍ਹੇ:-

ਸੂਹੀ ਮਹਲਾ ੫ ॥ *(ਪੰਨਾ ੭੪੨)*

ਦਰਸਨੁ ਦੇਖਿ ਜੀਵਾ ਗੁਰ ਤੇਰਾ ॥
ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ੧ ॥
ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥
ਦੇਹਿ ਨਾਮੁ ਕਰਿ ਅਪਣੇ ਚੇਰੇ ॥ ੧ ॥ ਰਹਾਉ ॥
ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥ ੨ ॥
ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥
ਚਰਣ ਕਮਲ ਵਸਹਿ ਮੇਰੈ ਚੀਤਾ ॥ ੩ ॥
ਨਾਨਕੁ ਏਕ ਕਰੈ ਅਰਦਾਸਿ ॥
ਵਿਸਰੁ ਨਾਹੀ ਪੂਰਨ ਗੁਣਤਾਸਿ
॥ ੪ ॥ ੧੮ ॥ ੨੪ ॥

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ
ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ॥ ੪ ॥ ੫੮ ॥

*(ਸਵਈਏ ਮਹਲੇ ਚਉਥੇਕੇ ੪)*

ਇਹਨਾਂ ਸ਼ਬਦਾਂ ਦੇ ਉਚਾਰਨ ਸਮੇਂ ਤਕ ਪ੍ਰਕਾਸ਼ ਦਾ ਕਾਰਜ ਹੋ ਜਾਵੇ। ਫਿਰ ਗ੍ਰੰਥੀ ਸਿੰਘ ਵਾਕ ਲੈਣ ਲਈ ਮੰਗਲਾ ਚਰਨ ਦੇ ਹੇਠ ਲਿਖੇ ਸਲੋਕ ਉਚਾਰਨ ਕਰੇ। ਸਭ ਸੰਗਤ ਗ੍ਰੰਥੀ ਸਿੰਘ ਨਾਲ ਮਿਲਕੇ ਇਹਨਾਂ ਸਲੋਕਾਂ ਨੂੰ ਪੜ੍ਹੇ:-

(੧) ਸੁ ਕਹੁ ਟਲ ਗੁਰੁ ਸੇਵੀਐ
ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ
ਜਨਮ ਮਰਣ ਦੁਖੁ ਜਾਇ॥ ੧੦ ॥

(੨) ਹੋਵੈ ਸਿਫਤਿ ਖਸੰਮ ਦੀ

ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ
ਮਲੁ ਜਨਮ ਜਨਮ ਦੀ ਕਟੀਐ॥
(੩) ਸਜਣੁ ਸਚਾ ਪਾਤਿਸਾਹੁ
ਸਿਰਿ ਸਾਹਾਂ ਦੈ ਸਾਹੁ॥
ਜਿਸੁ ਪਾਸਿ ਬਹਿਠਿਆ ਸੋਹੀਐ
ਸਭਨਾਂ ਦਾ ਵੇਸਾਹੁ॥੨੨॥

ਇਹਨਾਂ ਸਲੋਕਾਂ ਦੇ ਪੜ੍ਹਦਿਆਂ ਪੜ੍ਹਦਿਆਂ ਗ੍ਰੰਥੀ ਸਿੰਘ ਸਹਿਜੇ ਸਹਿਜੇ ਮਹਾਰਾਜ ਤੋਂ ਰੁਮਾਲੇ ਉਤਾਰੇ ਤੇ ਵਾਕ ਲਵੇ। ਹੁਕਮ ਲੈਣ ਸਮੇਂ ਪੱਤਰੇ ਦੇ ਆਦਿ ਸ਼ਬਦ ਤੋਂ ਹੁਕਮ ਲੈਣਾ। ਪੱਤਰੇ ਬਹੁਤੇ ਉਲਟਾਣੇ ਨਹੀਂ। ਪੱਤਰੇ ਦੇ ਆਦਿ ਦਾ ਸ਼ਬਦ ਜੇ ਪਿਛਲੇ ਪੰਨੇ ਤੋਂ ਆਰੰਭ ਹੁੰਦਾ ਹੈ ਤਾਂ ਉਥੋਂ ਹੁਕਮ ਲੈਣਾ। ਫਿਰ ਬੜੇ ਪ੍ਰੇਮ ਨਾਲ ਇਕ ਇਕ ਕਰਕੇ ਰੁਮਾਲ ਪਾਉਣੇ ਤੇ ਦੋਹੀਂ ਪਾਸੀ ਪੱਲਕਾਂ ਸਜਾਉਣੀਆਂ।

-੦-

# ਫੁੱਲਾਂ ਦੇ ਸਿਹਰੇ ਚੜ੍ਹਾਉਣ ਸਮੇਂ ਦਾ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਉੱਪਰ ਬੜੇ ਸੁੰਦਰ, ਸੁਗੰਧਿਤ ਫੁੱਲਾਂ ਦੇ ਸਿਹਰੇ ਚੜ੍ਹਾਵਣੇ। ਸਿਹਰੇ ਚੜ੍ਹਾਉਣ ਸਮੇਂ ਸ਼ਬਦ ਦਾ ਪਾਠ ਕਰਨਾ:-

ਆਸਾ ਮਹਲਾ ੫ ॥ *(ਪੰਨਾ ੩੮੫)*

ਏਕੁ ਬਗੀਚਾ ਪੇਡ ਘਨ ਕਰਿਆ ॥
ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥ ੧ ॥
ਐਸਾ ਕਰਹੁ ਬੀਚਾਰੁ ਗਿਆਨੀ ॥
ਜਾ ਤੇ ਪਾਈਐ ਪਦੁ ਨਿਰਬਾਨੀ ॥
ਆਸਿ ਪਾਸਿ ਬਿਖੂਆ ਕੇ ਕੁੰਟਾ
ਬੀਚਿ ਅੰਮ੍ਰਿਤੁ ਹੈ ਭਾਈ ਰੇ ॥ ੧ ॥ ਰਹਾਉ ॥
ਸਿੰਚਨਹਾਰੇ ਏਕੈ ਮਾਲੀ ॥
ਖਬਰਿ ਕਰਤੁ ਹੈ ਪਾਤ ਪਤ ਡਾਲੀ ॥ ੨ ॥
ਸਗਲ ਬਨਸਪਤਿ ਆਨਿ ਜੜਾਈ ॥
ਸਗਲੀ ਫੂਲੀ ਨਿਫਲ ਨ ਕਾਈ ॥ ੩ ॥
ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥

ਨਾਨਕ ਦਾਸ ਤਰੀ ਤਿਨਿ ਮਾਇਆ
॥ ੪ ॥ ੫ ॥ ੫੬ ॥

# ਧੂਪ ਧਖਾਉਣ ਸਮੇਂ ਦਾ ਸ਼ਬਦ

ਦੀਵਾਨ ਅਸਥਾਨ ਵਿਚ ਸੁਗੰਧੀ ਲਈ ਧੂਪ ਜਾਂ ਅਗਰਬਤੀ ਧੁਖਾਣੀ। ਧੂਪ ਧੁਖਾਵਣ ਸਮੇਂ ਇਸ ਸ਼ਬਦ ਦਾ ਪਾਠ ਕਰਨਾ:-

ਗੋਂਡ ਮਹਲਾ ੫ ॥ *(ਪੰਨਾ ੮੬੬)*

ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥ ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥ ਗੁਰ ਸੁਪ੍ਰਸੰਨ ਭਏ ਵਡ ਭਾਗਿ ॥ ੧ ॥ ਆਠ ਪਹਰ ਗਾਈਐ ਗੋਬਿੰਦੁ ॥ ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥ ੧ ॥ ਰਹਾਉ ॥ ਹਰਿ ਗੁਣ ਰਮਤ ਭਏ ਆਨੰਦ ॥ ਪਾਰਬ੍ਰਹਮ ਪੂਰਨ ਬਖਸੰਦ ॥ ਕਰਿ ਕਿਰਪਾ ਜਨ ਸੇਵਾ ਲਾਏ ॥ ਜਨਮ ਮਰਣ ਦੁਖ ਮੇਟਿ ਮਿਲਾਏ ॥ ੨ ॥ ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥ ਸਾਗਰ ਤਰਿ ਬੋਹਿਥ ਪ੍ਰਭ ਚਰਣ ॥ ਅੰਤਰਜਾਮੀ ਪ੍ਰਭ ਕਾਰਣ ਕਰਣ ॥ ੩ ॥ ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ

ਬਿਕਰਾਲ ॥ ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥ ੪ ॥ ੧੨ ॥ ੧੪ ॥

# ਜੋਤ ਜਗਾਉਣੀ

ਅਖੰਡਪਾਠ ਸਮੇਂ ਕੋਲ ਜੋਤ ਜਗਾਈ ਜਾਂਦੀ ਹੈ। ਜਿਸ ਵੇਲੇ ਜੋਤ ਜਗਾਉਣੀ ਹੋਵੇ ਤਾਂ ਬੇਨਤੀ ਵਜੋਂ ਇਹ ਸ਼ਬਦ ਪੜ੍ਹਨਾ-

ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭

ੴ ਸਤਿਗੁਰ ਪ੍ਰਸਾਦਿ ॥ *(ਪੰਨਾ ੮੨੧)*

ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ ॥ ੧ ॥ ਰਹਾਉ ॥ ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥ ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥ ੧ ॥ ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥ ੨ ॥ ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ ੩ ॥

ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥ ੪॥੧॥੮੭॥

ਜੋਤ ਸ਼ੁਧ ਦੇਸੀ ਘਿਉ ਦੀ, ਜਾਂ ਮਿੱਠੇ ਤੇਲ ਦੀ ਜਗਾਉਣੀ। ਲੋੜ ਅਨੁਸਾਰ ਚੰਗੀ ਮੋਮਬੱਤੀ ਜਗਾਉਣੀ। ਅਖੰਡਪਾਠ ਦੇ ਆਰੰਭ ਸਮੇਂ ਜੋਤ ਜਗਾਈ ਜਾਏ ਤੇ ਅਖੰਡਪਾਠ ਦੇ ਭੋਗ ਤੋਂ ਬਾਅਦ ਬੁਝਾਈ ਜਾਏ। ਸੋਲਾਂ ਪਹਿਰ ਅਖੰਡ ਜੋਤ ਜਗਦੀ ਰੱਖੀ ਜਾਏ। ਨਾਲੋਂ ਨਾਲ ਘਿਉ ਪਾਉਂਦੇ ਜਾਓ।

# ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ

ਗੁਰੂ ਘਰ ਦੀ ਮਰਯਾਦਾ ਅਨੁਸਾਰ ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਜਾਂ ਅਖੰਡਪਾਠ ਰੱਖਣਾ ਹੋਵੇ ਤਾਂ ਗੁਰੂ ਮਹਾਰਾਜ ਨੂੰ ਭੇਟ ਕਰਨ ਲਈ ਕੜਾਹ ਪ੍ਰਸ਼ਾਦਿ ਦੀ ਦੇਗ ਜ਼ਰੂਰ ਤਿਆਰ ਕਰਨੀ ਪੈਂਦੀ ਹੈ। ਕੜਾਹ ਪ੍ਰਸ਼ਾਦਿ ਦੀ ਦੇਗ ਹਾਜ਼ਰ ਹੋਣ ਤੋਂ ਬਿਨਾਂ ਨਾ ਕੋਈ ਪਾਠ ਆਰੰਭ ਹੋ ਸਕਦਾ ਹੈ

ਤੇ ਨਾ ਹੀ ਭੋਗ ਪੈ ਸਕਦਾ ਹੈ। ਕੜਾਹ ਪ੍ਰਸ਼ਾਦਿ ਹੇਠ ਲਿਖੀ ਵਿਧੀ ਅਨੁਸਾਰ ਤਿਆਰ ਕਰੋ:-

ਜਗ੍ਹਾ ਸਾਫ਼ ਸੁਥਰੀ ਕਰਕੇ, ਭਾਂਡਿਆਂ ਨੂੰ ਧੋ ਮਾਂਜ ਲਵੋ। ਪ੍ਰਸ਼ਾਦਿ ਤਿਆਰ ਕਰਨ ਵਾਲਾ ਸਿੰਘ ਇਸ਼ਨਾਨ ਕਰਕੇ ਇਹ ਕਾਰਜ ਕਰੇ। ਕੜਾਹ ਪ੍ਰਸ਼ਾਦਿ ਤ੍ਰਿਭਾਵਲ ਦਾ ਤਿਆਰ ਕਰਨਾ ਅਰਥਾਤ ਘੀ, ਖੰਡ ਤੇ ਆਟਾ, ਤਿੰਨੇ ਚੀਜ਼ਾਂ ਇਕੋ ਜਿੰਨੀਆਂ ਪਾਉਣੀਆਂ। ਘੀ ਸ਼ੁੱਧ ਦੇਸੀ ਵਰਤਣਾ। ਜਿੰਨਾ ਸਮਾਂ ਕੜਾਹ ਪ੍ਰਸ਼ਾਦਿ ਤਿਆਰ ਹੁੰਦਾ ਰਹੇ, ਓਨਾ ਸਮਾਂ ਪ੍ਰਸ਼ਾਦਿ ਤਿਆਰ ਕਰਨ ਵਾਲਾ ਸਿੰਘ ਜਪੁ ਜੀ ਸਾਹਿਬ ਜਾਂ ਆਨੰਦੁ ਸਾਹਿਬ ਦਾ ਪਾਠ ਕਰਦਾ ਰਹੇ। ਪ੍ਰਸ਼ਾਦਿ ਤਿਆਰ ਹੋ ਜਾਣ ਤੇ ਸਾਫ਼ ਸੁਥਰੇ ਥਾਲ ਜਾਂ ਪਰਾਤ ਵਿਚ ਪਾ ਕੇ ਉੱਪਰ ਚਿੱਟਾ ਰੁਮਾਲਾ ਪਾ ਦਿੱਤਾ ਜਾਏ। ਪਾਠ ਆਰੰਭ ਹੋਣ ਤੋਂ ਪਹਿਲਾਂ ਤੇ ਭੋਗ ਪੈਣ ਤੋਂ ਪਹਿਲਾਂ ਪ੍ਰਸ਼ਾਦਿ ਤਿਆਰ ਹੋ ਕੇ ਦੀਵਾਨ ਵਿਚ ਆ ਜਾਣਾ ਚਾਹੀਦਾ ਹੈ। ਕੜਾਹ ਪ੍ਰਸ਼ਾਦਿ ਵਿਚ ਗਿਰੀ, ਮੇਵਾ, ਬਦਾਮਾਂ ਦੀਆਂ ਗਿਰੀਆਂ ਜਾਂ ਲਾਚੀਦਾਨਾ ਨਹੀਂ ਪਾਉਣਾ। ਰੰਗਦਾਰ ਕੇਸਰੀ ਪ੍ਰਸ਼ਾਦਿ ਬਨਾਉਣ ਲਈ ਸ਼ੁੱਧ ਕੇਸਰ ਵਰਤਿਆ ਜਾਵੇ।

# ਖੁੱਲ੍ਹੇ (ਸਹਿਜ) ਪਾਠ ਦੀ ਵਿਧੀ

ਪਿੱਛੇ ਲਿਖੀ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ, ਪੁਸ਼ਪ-ਮਾਲਾ ਚੜ੍ਹਾਉਣੀ, ਧੂਪ ਧੁਖਾਉਣਾ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਦੀਵਾਨ ਅਸਥਾਨ ਵਿਖੇ ਲੈ ਆਉਣਾ।

ਖੁੱਲ੍ਹੇ ਪਾਠ ਦੀ ਸਮਾਪਤੀ ਲਈ ਕੋਈ ਖਾਸ ਦਿਨਾਂ ਦੀ ਬੰਦਸ਼ ਨਹੀਂ, ਪੰਦਰਾਂ ਦਿਨਾਂ ਪਿੱਛੋਂ, ਇਕ ਮਹੀਨੇ, ਦੋ ਮਹੀਨੇ, ਛੇ ਮਹੀਨੇ ਅਥਵਾ ਇਕ ਸਾਲ ਬਾਅਦ ਵੀ ਭੋਗ ਪਾਇਆ ਜਾ ਸਕਦਾ ਹੈ। ਸਭ ਤੋਂ ਚੰਗਾ ਤਰੀਕਾ ਤਾਂ ਇਹ ਹੈ ਕਿ ਘਰ ਦੇ ਸਾਰੇ ਜੀਅ ਆਪ ਮਿਲਕੇ ਰੋਜ਼ਾਨਾ ਕੁਛ ਸਮਾਂ ਪਾਠ ਕਰਨ, ਪਰ ਜੇ ਐਸਾ ਸੰਭਵ ਨਾ ਹੋਵੇ ਤਾਂ ਕਿਸੇ ਗੁਰਮੁਖ ਗੁਰਸਿੱਖ ਪਾਠੀ ਸਿੰਘ ਤੋਂ ਪਾਠ ਕਰਾਇਆ ਜਾ ਸਕਦਾ ਹੈ। ਜਿੰਨੇ ਦਿਨ ਘਰ ਵਿਚ ਪਾਠ ਚਲਦਾ ਰਹੇ, ਓਨੇ ਦਿਨ ਆਪ ਕੋਲ ਬੈਠਕੇ ਪਾਠ ਸਰਵਣ ਕਰਨਾ ਚਾਹੀਦਾ ਹੈ। ਪਾਠੀ ਸਿੰਘ ਦੀ ਅੰਨ ਜਲ ਨਾਲ ਸੇਵਾ ਕਰਨੀ ਚਾਹੀਦੀ ਹੈ।

ਪਾਠ ਆਰੰਭ ਕਰਨ ਤੋਂ ਪਹਿਲਾਂ ਸਭ ਸੰਗਤ ਮਿਲਕੇ ਇਹਨਾਂ ਸ਼ਬਦਾਂ ਨੂੰ ਪੜ੍ਹੇ:-

ਸੂਹੀ ਮਹਲਾ ੫ ॥ *(ਪੰਨਾ ੭੮੩)*

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ
ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ ॥ ੧ ॥

ਪਉੜੀ ॥ *(ਪੰਨਾ ੯੧)*

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥ ਭੈ ਭੰਜਨ

ਮਿਹਰਵਾਨ ਦਾਸ ਕੀ ਰਾਖੀਐ॥ ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥ ੨੦॥

ਇਹਨਾਂ ਸ਼ਬਦਾਂ ਦੇ ਜਾਪ ਤੋਂ ਬਾਅਦ ਪਾਠੀ ਸਿੰਘ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰੇ। ਫਿਰ ਅਰਦਾਸ ਆਰੰਭ ਕੀਤੀ ਜਾਵੇ। ਅਰਦਾਸ ਆਰੰਭ ਕਰਨ ਤੋਂ ਪਹਿਲਾਂ ਸਭ ਸੰਗਤ ਖੜੇ ਹੋ ਕੇ ਮਿਲਕੇ ਇਹ ਸ਼ਬਦ ਪੜ੍ਹੇ:-

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥
ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥
ਨਾਨਕ ਦਾਸ ਸਦਾ ਕੁਰਬਾਨੀ॥ ੮॥ ੪॥

*(ਸੁਖਮਨੀ ਸਾਹਿਬ)*

ਇਹ ਸ਼ਬਦ ਪੜ੍ਹਨ ਤੋਂ ਬਾਅਦ ਪਾਠੀ (ਗ੍ਰੰਥੀ)

ਸਿੰਘ ਸਤਿਗੁਰੂ ਜੀ ਦੇ ਹਜ਼ੂਰ ਅਗੇ ਲਿਖੀ ਅਰਦਾਸ ਆਰੰਭ ਕਰੇ।

# ਅਰਦਾਸ

ਤੀਨੇ ਤਾਪ ਨਿਵਾਰਣਹਾਰਾ
ਦੁਖ ਹੰਤਾ ਸੁਖ ਰਾਸਿ ॥
ਤਾ ਕਉ ਬਿਘਨੁ ਨ ਕੋਊ ਲਾਗੈ
ਜਾ ਕੀ ਪ੍ਰਭ ਆਗੈ ਅਰਦਾਸਿ ॥ ੧ ॥

ੴ ਸ੍ਰੀ ਵਾਹਿਗੁਰੂ ਕੀ ਫ਼ਤਹਿ ॥
ਸ੍ਰੀ ਭਗਉਤੀ ਜੀ ਸਹਾਇ ॥

ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਿਸਾਹੀ ੧੦ ॥ ਪ੍ਰਿਥਮ ਭਗਉਤੀ ਸਿਮਰਕੇ ਗੁਰ ਨਾਨਕ ਲਈਂ ਧਿਆਇ ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈ ਸਹਾਇ ॥ ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ ॥ ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਈਂ ਹੋਇ ਸਹਾਇ ॥ ੧ ॥ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਭ ਥਾਈਂ ਹੋਇ ਸਹਾਇ ॥

ਦਸਾਂ ਪਾਤਿਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ॥

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਪੰਜਾਂ ਤਖਤਾਂ, ਸਰਬੱਤ ਗੁਰਦੁਵਾਰਿਆਂ ਦਾ ਧਿਆਨ ਧਰ ਬੋਲੋ ਜੀ ਵਾਹਿਗੁਰੂ ॥

ਜਿਨ੍ਹਾਂ ਗੁਰਮੁਖਾਂ ਨਾਮ ਜਪਿਆ, ਵੰਡ ਛਕਿਆ, ਧਰਮ ਹੇਤ ਸੀਸ ਦਿੱਤੇ, ਦੇਗ ਚਲਾਈ, ਤੇਗ ਵਾਹੀ, ਚਰਖੜੀਆਂ ਤੇ ਚੜ੍ਹੇ, ਬੰਦ ਬੰਦ ਕਟਵਾਏ, ਪੁੱਠੀਆਂ ਖੱਲਾਂ ਉਤਰਵਾਈਆਂ, ਪਰ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਬਾਹਿਆ। ਗੁਰਦੁਵਾਰਿਆਂ ਦੇ ਸੁਧਾਰ ਹਿੱਤ ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਨਨਕਾਣਾ ਸਾਹਿਬ, ਗੁਰ ਕਾ ਬਾਗ, ਸ੍ਰੀ ਪੰਜਾ ਸਾਹਿਬ ਤੇ ਗੁਰਦੁਵਾਰਾ ਗੰਗਸਰ ਜੈਤੋ ਵਿਖੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਹੀਦ ਹੋ ਗਏ, ਤਿਨ੍ਹਾਂ ਸਿੰਘਾਂ ਸਿੰਘਣੀਆਂ ਭੁਝੰਗੀਆਂ ਦੀ ਕਮਾਈ ਦਾ ਧਿਆਨ ਧਰ ਖ਼ਾਲਸਾ ਜੀ ਸਾਹਿਬ ਬੋਲੋ ਸ੍ਰੀ ਵਾਹਿਗੁਰੂ ॥

ਪ੍ਰਿਥਮੇ ਸੰਬੂਹ ਖ਼ਾਲਸੇ ਜੀ ਕੀ ਅਰਦਾਸ ਹੈ,

ਸੰਬੂਹ ਖ਼ਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਗੁਰੂ ਨਾਮ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ, ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ ਦੇਗ ਤੇਗ ਫ਼ਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਗੁਰੂ ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ ॥

ਸਿੱਖਾਂ ਦਾ ਮਨ ਨੀਵਾਂ, ਮਤਿ ਉੱਚੀ ਪਤਿ ਕਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ ॥ ਸਿੱਖਾਂ ਨੂੰ ਸਿੱਖੀ ਦਾਨ, ਰਹਿਤ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਬਾਹੁਣਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਾਉਣਾ।

ਹੇ ਅਕਾਲ ਪੁਰਖ ਅੰਤਰਜਾਮੀ ਸੱਚੇ ਸਤਿਗੁਰੂ ਜੀ ! ਆਪ ਦੇ ਘਰ ਦੇ *ਸੇਵਕ ਭਾਈ-ਸਿੰਘ ਜੀ ਸਣੇ

---

ਜਿਸ ਮਨੋਰਥ ਲਈ ਖੁੱਲ੍ਹਾ ਪਾਠ ਅਖੰਡਪਾਠ ਜਾਂ ਸੰਪਟ ਪਾਠ ਆਰੰਭ ਕੀਤਾ ਜਾ ਰਿਹਾ ਹੋਵੇ, ਸਮੇਂ ਅਨੁਸਾਰ ਇਸ ਪੈਰੇ ਵਿਚ ਉਸ ਦਾ ਜ਼ਿਕਰ ਕਰਕੇ ਅਰਦਾਸ ਕਰਨੀ।

ਪਰਵਾਰ ਆਪ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਆਪਣੇ ਨਵਜੰਮੇ ਭੁਝੰਗੀ ਦੇ ਜਨਮ ਦੀ ਖੁਸ਼ੀ ਵਿਚ ਆਪ ਜੀ ਦੀ ਪਵਿੱਤਰ ਅਕਾਲੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਆਰੰਭ ਕਰਾਉਂਦੇ ਹਨ। ਆਪ ਨੇ ਮਿਹਰ ਕਰਨੀ, ਪਾਠ ਨਿਰਵਿਘਨ ਸੰਪੂਰਨ ਕਰਨਾ। ਆਪਣੇ ਦਰੋਂ ਘਰੋਂ ਆਪਣੇ ਸੇਵਕਾਂ ਨੂੰ ਨਾਮ ਦਾਨ, ਸਿੱਖੀ ਸਿਦਕ, ਭਰੋਸਾ ਬਖਸ਼ਣਾ ਤੇ ਆਪਣੇ ਸੇਵਕਾਂ ਦੇ ਸਾਰੇ ਕਾਰਜ ਰਾਸ ਕਰਨੇ, ਦੇਹ ਅਰੋਗਤਾ ਬਖਸ਼ਣੀ, ਕਿਰਤ ਕਮਾਈ ਵਿਚ ਵਾਧਾ ਪਾਉਣਾ, ਧਰਮ ਦੀ ਕਿਰਤ ਬਖਸ਼ਣੀ, ਭੁਝੰਗੀ ਨੂੰ ਦੀਰਘ ਆਯੂ ਬਖਸ਼ਣੀ। ਇਸ ਵੇਲੇ ਆਪ ਦੇ ਹਜ਼ੂਰ ਪਾਠ ਦੇ ਆਰੰਭ ਦੀ ਅਰਦਾਸ ਅਨੰਦੁ ਸਾਹਿਬ ਦੀ ਅਰਦਾਸ ਆਪ ਦੇ ਹਜ਼ੂਰ ਕੜਾਹ ਪ੍ਰਸ਼ਾਦਿ ਦੀ ਦੇਗ ਹਾਜ਼ਰ ਹੈ; ਆਪ ਦੇ ਦਰ ਤੇ ਪ੍ਰਵਾਨ ਹੋਵੇ, ਪ੍ਰਵਾਨ ਹੋਇਆ ਕੜਾਹ ਪ੍ਰਸ਼ਾਦਿ ਸਾਧ ਸੰਗਤ ਦੀ ਰਸਨੀਂ ਲਾਇਕ ਹੋਵੇ। ਜੋ ਜੀਅ ਆਪ ਦੇ ਦਰ ਤੇ ਆਵੇ ਸੋ ਰਾਜ਼ੀ ਜਾਵੇ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ॥

ਵਾਹਿਗੁਰੂ ਜੀ ਕਾ ਖ਼ਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਅਰਦਾਸ ਦੀ ਸਮਾਪਤੀ ਤੋਂ ਬਾਅਦ ਪਾਠੀ ਸਿੰਘ ਮਹਾਰਾਜ ਦਾ ਵਾਕ ਲਵੇ ਤੇ ਜਪੁ ਜੀ ਸਾਹਿਬ ਦਾ ਪਾਠ ਆਰੰਭ ਕਰੇ। ਪਹਿਲੀਆਂ ਪੰਜ ਪਉੜੀਆਂ ਦਾ ਪਾਠ ਹੋ ਜਾਣ ਤੇ ਸੰਗਤ ਵਿਚ ਕੜਾਹ ਪ੍ਰਸ਼ਾਦਿ ਵਰਤਾਇਆ ਜਾਏ।

# ਕੜਾਹ ਪ੍ਰਸ਼ਾਦਿ ਵਰਤਾਉਣਾ

ਅਰਦਾਸ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਦੇ ਵਾਕ ਲੈਣ ਪਿੱਛੋਂ ਕੜਾਹ ਪ੍ਰਸ਼ਾਦਿ ਨੂੰ ਕ੍ਰਿਪਾਨ ਭੇਟ ਕਰਕੇ ਭੋਗ ਲਗਾਉਣਾ। ਪਹਿਲਾਂ ਇਕ ਕੌਲੇ ਵਿਚ ਪ੍ਰਸ਼ਾਦਿ ਪਾਕੇ ਮਹਾਰਾਜ ਦੀ ਮੰਜੀ ਸਾਹਿਬ ਹੇਠਾਂ ਰੱਖਣਾ। ਫਿਰ ਪੰਜਾਂ ਪਿਆਰਿਆਂ ਦਾ ਵਰਤਾਵਾ ਕੱਢਕੇ ਪੰਜਾਂ ਸਿੰਘਾਂ ਵਿਚ ਵਰਤਾਣਾ। ਫਿਰ ਸਾਰੀ ਸੰਗਤ ਵਿਚ ਇਕੋ ਜਿੰਨਾ ਪ੍ਰਸ਼ਾਦਿ ਵਰਤਾਇਆ ਜਾਵੇ। ਅਮੀਰ ਗ਼ਰੀਬ ਦਾ ਕੋਈ ਲਿਹਾਜ਼ ਨਹੀਂ ਕਰਨਾ। ਕੜਾਹ ਪ੍ਰਸ਼ਾਦਿ ਬੜੇ ਆਰਾਮ ਨਾਲ ਸੰਗਤ ਵਿਚ ਬੈਠਕੇ ਲੈਣਾ। ਕੜਾਹ ਪ੍ਰਸ਼ਾਦਿ ਵਧ ਲੈਣ ਦਾ ਲੋਭ ਨਹੀਂ ਕਰਨਾ। ਕੜਾਹ ਪ੍ਰਸ਼ਾਦਿ ਵਰਤਦਿਆਂ ਸਮੇਂ ਇਸ

ਸ਼ਬਦ ਦਾ ਸਾਰੀ ਸੰਗਤ ਮਿਲਕੇ ਉਚਾਰਨ ਕਰੇ—

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਆਪੁਨਾ ਦੂਖੁ ਮਿਟਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ ॥
ਸਾਧਸੰਗਿ ਇਹ ਹਉਮੈ ਛੋਰੈ ॥
ਜੇ ਕੋ ਜਨਮ ਮਰਣ ਤੇ ਡਰੈ ॥
ਸਾਧ ਜਨਾ ਕੀ ਸਰਨੀ ਪਰੈ ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾ ਕੈ ਬਲਿ ਬਲਿ ਜਾਸਾ ॥ ੫ ॥

*(ਸੁਖਮਨੀ ਸਾਹਿਬ)*

ਖੁੱਲ੍ਹਾ ਪਾਠ, ਅਖੰਡਪਾਠ, ਸਪਤਾਹਕ ਪਾਠ, ਜਾਂ ਸੰਪਟ ਪਾਠ ਸਮਾਪਤ ਹੋ ਜਾਣ ਤੇ ਪਾਠੀ ਸਿੰਘ ਨੌਵੇਂ ਪਾਤਿਸ਼ਾਹ ਦੇ ਸਲੋਕ ਤੇ ਰਾਗਮਾਲਾ ਪੜ੍ਹਕੇ ਭੋਗ ਪਾਵੇ। ਸਮਾਪਤੀ ਦੀ ਅਰਦਾਸ ਕੀਤੀ ਜਾਵੇ। ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕੀਤਾ ਜਾਵੇ। ਜੇ ਕੀਰਤਨ ਕਰਾਉਣ ਦਾ ਪ੍ਰੋਗ੍ਰਾਮ ਹੋਵੇ ਤਾਂ ਰਾਗੀ ਜੱਥਾ ਸ਼ਬਦ ਕੀਰਤਨ ਕਰੇ। ਆਰਤੀ ਕਰਨ ਦਾ

ਵਿਚਾਰ ਹੋਵੇ ਤਾਂ ਅੱਗੇ ਲਿਖੀ ਆਰਤੀ ਰਾਗੀ ਸਿੰਘ ਤੇ ਸਾਰੀ ਸੰਗਤ ਮਿਲਕੇ ਕਰੇ। ਆਰਤੀ ਸਮੇਂ ਥਾਲ ਵਿਚ ਦੀਵੇ ਆਦਿ ਰਖਕੇ ਸਨਾਤਨੀ ਮਰਯਾਦਾ ਨਹੀਂ ਕਰਨੀ। ਬੜੇ ਪਰੇਮ ਨਾਲ ਬੈਠਕੇ ਅਰਦਾਸ ਕੀਤੀ ਜਾਵੇ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਜਾਏ।

ਪਾਠੀ ਸਿੰਘਾਂ ਦੀ ਯਥਾ ਸ਼ਕਤ ਮਾਇਆ ਤੇ ਬਸਤ੍ਰ ਆਦਿ ਭੇਟ ਕਰਕੇ ਸੇਵਾ ਕੀਤੀ ਜਾਵੇ। ਗੁਰਸਿੱਖਾਂ ਨੂੰ ਗੁਰੂ ਕਾ ਲੰਗਰ ਛਕਾਇਆ ਜਾਏ।

# ਆਰਤੀ

ਧਨਾਸਰੀ ਮਹਲਾ ੧ ਆਰਤੀ *(ਪੰਨਾ ੬੬੩)*

ੴ ਸਤਿਗੁਰ ਪ੍ਰਸ਼ਾਦਿ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨ ਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧ ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥ ੧ ॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ

ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥ ੧ ॥ ੭ ॥ ੯ ॥

ਧਨਾਸਰੀ ਰਵਿਦਾਸ ਜੀ ॥ *(ਪੰਨਾ ੬੯੪)*

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧ ॥ ਰਹਾਉ ॥ ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥ ੧ ॥ ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥ ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥ ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥

ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥ ੩ ॥ ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ॥ ੪ ॥ ੩ ॥

ਧਨਾਸਰੀ ਸ੍ਰੀ ਸੈਣੁ॥ *(ਪੰਨਾ ੬੯੫)*

ਧੂਪ ਦੀਪ ਘ੍ਰਿਤ ਸਾਜਿ ਆਰਤੀ॥ ਵਾਰਨੇ ਜਾਉ ਕਮਲਾਪਤੀ॥ ੧ ॥ ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥ ੧ ॥ ਰਹਾਉ ॥ ਊਤਮੁ ਦੀਅਰਾ ਨਿਰਮਲ ਬਾਤੀ॥ ਤੁਂਹੀ ਨਿਰੰਜਨੁ ਕਮਲਾਪਾਤੀ॥ ੨ ॥ ਰਾਮਾ ਭਗਤਿ ਰਾਮਾਨੰਦੁ ਜਾਨੈ॥ ਪੂਰਨ ਪਰਮਾਨੰਦੁ ਬਖਾਨੈ॥ ੩ ॥ ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ਸੈਨੁ ਭਣੈ ਭਜੁ ਪਰਮਾਨੰਦੇ ॥੪ ॥ ੨ ॥

ਪ੍ਰਭਾਤੀ ਸ੍ਰੀ ਕਬੀਰ ਜੀ॥ *(ਪੰਨਾ ੧੩੫੦)*

ਸੁੰਨ ਸੰਧਿਆ ਤੇਰੀ ਦੇਵ ਦੇਵਾ ਕਰ ਅਧਪਤਿ ਆਦਿ ਸਮਾਈ॥ ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ॥ ੧ ॥ ਲੇਹੁ ਆਰਤੀ ਹੋ ਪੁਰਖ

ਨਿਰੰਜਨ ਸਤਿਗੁਰ ਪੂਜਹੁ ਭਾਈ॥ ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ॥ ੧ ॥ ਰਹਾਉ॥ ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯ੍ਾਰਾ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ॥ ੨ ॥ ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥ ੩ ॥ ੫ ॥

ਧੰਨਾ ਜੀ॥ (ਪੰਨਾ ੬੯੫)

ਗੋਪਾਲ ਤੇਰਾ ਆਰਤਾ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥ ੧ ॥ ਰਹਾਉ॥ ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥ ਪਨ੍ਹੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥ ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥ ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥ ੨ ॥ ੪ ॥

ਸ੍ਵੈਯਾ॥

ਯਾਤੇ ਪ੍ਰਸੰਨ ਭਏ ਹੈ ਮਹਾਂ ਮੁਨਿ ਦੇਵਨ ਕੇ ਤਪ

ਮੈ ਸੁਖ ਪਾਵੈਂ ॥ ਜੱਗਾਜ ਕਰੈ ਇਕ ਬੇਦ ਰਰੈ ਭਵ ਤਾਪ ਹਰੈ ਮਿਲਿ ਧਿਆਨਹਿ ਲਾਵੈਂ ॥ ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ ॥ ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ ॥ ੫੪ ॥ ਸ੍ਵੈਯਾ ॥ ਸੰਖਨ ਕੀ ਧੁਨਿ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥ ਆਰਤੀ ਕੋਟਿ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਿ ਜਾਵੈਂ ॥ ਦਾਨਤ ਦੱਛਨ ਦੈ ਕੈ ਪ੍ਰਦੱਛਨ ਭਾਲ ਮੈ ਕੁੰਕਮ ਅੱਛਤ ਲਾਵੈਂ ॥ ਹੋਤ ਕੁਲਾਹਲ ਦੇਵ ਪੁਰੀ ਮਿਲਿ ਦੇਵਨ ਕੇ ਕੁਲਿ ਮੰਗਲ ਗਾਵੈਂ ॥ ੫੫ ॥

ਸ੍ਵੈਯਾ ॥

ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ ॥ ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ॥ ਸੱਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ ॥ ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸ੍ਯਾਮ ਇਹੈ ਬਰੁ ਦੀਜੈ ॥ ੬ ॥ ਸ੍ਵੈਯਾ ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥

ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥ ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥ ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥ ੭ ॥

ਦੋਹਰਾ ॥

ਸਗਲ ਦੁਆਰ ਕਉ ਛਾਡਿ ਕੈ
ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ
ਗੋਬਿੰਦ ਦਾਸ ਤੁਹਾਰ ॥

ਐਸੇ ਚੰਡ ਪ੍ਰਤਾਪ ਤੇ ਦੇਵਨ ਬਢਿਓ ਪ੍ਰਤਾਪ ॥ ਤੀਨ ਲੋਕ ਜੈ ਜੈ ਕਰੈ ਰਰੈ ਨਾਮਿ ਸਤਿ ਜਾਪ ॥ ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥ ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥ ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥ ੧੯੯ ॥

# ਸਪਤਾਹਕ ਪਾਠ

ਖੁੱਲ੍ਹੇ (ਸਹਿਜ) ਪਾਠ ਦੀ ਸਮਾਪਤੀ ਦਾ ਕੋਈ ਬੰਧਨ ਨਹੀਂ, ਜਦੋਂ ਚਾਹੋ ਪਾਠ ਸਮਾਪਤ ਕਰ ਕੇ ਭੋਗ

ਪਾਇਆ ਜਾ ਸਕਦਾ ਹੈ, ਪਰ ਸਪਤਾਹਕ ਪਾਠ ਸੱਤਾਂ ਦਿਨਾਂ ਵਿਚ ਸਮਾਪਤ ਕਰ ਕੇ ਭੋਗ ਪਾਉਣ ਦੀ ਮਰਯਾਦਾ ਹੈ। ਇਸ ਪਾਠ ਦੇ ਆਰੰਭ ਕਰਨ ਦੀ ਵਿਧੀ ਖੁੱਲ੍ਹੇ ਪਾਠ ਵਾਂਗੂੰ ਹੀ ਹੈ। ਉਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ, ਕੜਾਹ ਪ੍ਰਸ਼ਾਦਿ ਦੀ ਦੇਗ ਹਾਜ਼ਰ ਕਰ ਕੇ ਅਰਦਾਸਾ ਸੋਧ ਕੇ ਪਾਠ ਆਰੰਭ ਕਰੋ। ਪਾਠ ਦੀ ਵੰਡ ਇਸ ਤਰ੍ਹਾਂ ਕੀਤੀ ਜਾਵੇ ਕਿ ਲਗ ਪਗ ਰੋਜ਼ ਦੋ ਸੌ ਪੰਨੇ ਤਕ ਪਾਠ ਹੋ ਜਾਵੇ, ਤਦ ਹੀ ਸਤਵੇਂ ਦਿਨ ਭੋਗ ਪੈ ਸਕੇਗਾ। ਭੋਗ ਪਾਉਣ ਦੀ ਵਿਧੀ ਵੀ ਖੁੱਲ੍ਹੇ ਪਾਠ ਦੇ ਭੋਗ ਵਾਂਗੂੰ ਹੀ ਕਰਨੀ। ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਣੀ। ਆਈਆਂ ਸੰਗਤਾਂ ਦੀ ਲੰਗਰ ਚਾਹ ਆਦਿ ਨਾਲ ਸੇਵਾ ਕਰਨੀ। ਪਾਠੀ ਸਿੰਘਾਂ ਨੂੰ ਮਾਇਆ, ਬਸਤ੍ਰ ਭੇਟ ਕਰਕੇ ਪ੍ਰਸੰਨ ਕਰਨਾ।

## ਅਖੰਡ ਪਾਠ

ਸਤਿਗੁਰੂ ਜੀ ਦੇ ਸਮੇਂ ਤੇ ਸਤਿਗੁਰਾਂ ਤੋਂ ਬਾਅਦ ਕਾਫ਼ੀ ਅਰਸਾ ਸਿੱਖ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੁੱਲ੍ਹੇ (ਸਹਿਜ) ਪਾਠ ਦੀ ਪ੍ਰਥਾ ਹੀ ਚੱਲਦੀ

ਰਹੀ। ਸਿੰਘਾਂ ਤੇ ਜਦੋਂ ਮੁਗਲ ਰਾਜ ਦੇ ਸਮੇਂ ਜ਼ੁਲਮ ਦਾ ਚੱਕਰ ਚੱਲਣਾ ਸ਼ੁਰੂ ਹੋਇਆ ਤਦੋਂ ਬੁੱਢਾ ਦਲ ਦੇ ਸਿੰਘਾਂ ਨੇ ਵਕਤ ਦੀ ਤੰਗੀ ਨੂੰ ਮੁਖ ਕਰਕੇ ਅਖੰਡ ਪਾਠ ਦੀ ਵਿਧੀ ਚਾਲੂ ਕੀਤੀ। ਘਲੂਘਾਰਿਆਂ ਵਿਚ ਫਸੇ ਸਿੰਘ ਜੰਗਲਾਂ ਵਿਚ ਜਦੋਂ ਇਕੱਠੇ ਹੁੰਦੇ ਸਨ ਤਦੋਂ ਸਤਿਗੁਰੂ ਜੀ ਦੀ ਸਹਾਇਤਾ ਪ੍ਰਾਪਤ ਕਰਨ ਲਈ ਗੁਰਬਾਣੀ ਦਾ ਪ੍ਰਵਾਹ ਚਲਾ ਦੇਂਦੇ ਸਨ ਤੇ ਸੋਲਾਂ ਪਹਿਰ ਪੰਜ ਪਾਠੀ ਸਿੰਘ ਕ੍ਰਮਵਾਰ ਦੋ ਦੋ ਘੰਟਿਆਂ ਦੀ ਡਿਊਟੀ ਬਦਲਦੇ ਰਹਿੰਦੇ ਸਨ ਤੇ ਇਉਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠ ਸਮਾਪਤ ਕਰਦੇ ਸਨ। ਅਨੇਕਾਂ ਪ੍ਰੇਮੀ ਸਿੰਘ ਏਨਾਂ ਸਮਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਰਹਿਕੇ ਸਾਰਾ ਪਾਠ ਸ੍ਰਵਨ ਕਰਦੇ ਸਨ।

ਬੁੱਢਾ ਦਲ ਦੀ ਚਲਾਈ ਇਹ ਅਖੰਡ ਪਾਠ ਦੀ ਮਰਯਾਦਾ ਸਿੰਘਾਂ ਵਿਚ ਆਮ ਪ੍ਰਚਲਤ ਹੋ ਗਈ। ਇਸ ਤੋਂ ਬਾਅਦ ਖ਼ਾਲਸਾ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਜਦੋਂ ਕਿਸੇ ਨਵੇਂ ਇਲਾਕੇ ਨੂੰ ਫ਼ਤਹਿ ਕਰਨ ਲਈ ਮੁਹਿੰਮ ਤੇ ਚੜ੍ਹਦੇ ਸਨ ਤਦੋਂ ਪੰਜ ਪੂਰਨ ਗੁਰਸਿੱਖ ਅੰਮ੍ਰਿਤਧਾਰੀ ਸਿੰਘਾਂ ਕੋਲੋਂ ਅਖੰਡ ਪਾਠ

ਕਰਵਾਕੇ ਫ਼ਤਹਿ ਦੀ ਪ੍ਰਾਪਤੀ ਦਾ ਅਰਦਾਸਾ ਸੋਧਕੇ ਚੜ੍ਹਾਈ ਕਰਿਆ ਕਰਦੇ ਸਨ। ਇਉਂ ਸਤਿਗੁਰੂ ਜੀ ਦੇ ਆਸਰੇ ਸਿੱਖ ਫ਼ੌਜਾਂ ਫ਼ਤਹਿ ਪ੍ਰਾਪਤ ਕਰਕੇ ਮੁੜਦੀਆਂ ਸਨ।

ਸਹਿਜੇ ਸਹਿਜੇ ਸਮਰੱਥਾਵਾਨ ਸਿੱਖ ਆਪਣੇ ਘਰਾਂ ਵਿਚ ਅਖੰਡ ਪਾਠ ਕਰਾਉਣ ਲਗ ਪਏ। ਇਸ ਸਮੇਂ ਉਹ ਆਪਣੇ ਸਾਰੇ ਸਾਕਾਂ ਸੰਬੰਧੀਆਂ ਨੂੰ ਸੱਦ ਕੇ ਇਕ ਯੱਗ ਵਰਗਾ ਸਮਾਗਮ ਰਚ ਲੈਂਦੇ ਸਨ ਤੇ ਆਪਣੇ ਨਗਰ ਨਿਵਾਸੀਆਂ ਨੂੰ ਇਸ ਪਾਠ ਦੇ ਭੋਗ ਸਮੇਂ ਸੱਦ ਕੇ ਖੁੱਲ੍ਹਾ ਲੰਗਰ ਲਾ ਕੇ ਅੰਨ-ਜਲ ਦੀ ਸੇਵਾ ਕਰਿਆ ਕਰਦੇ ਸਨ। ਹੁਣ ਅਖੰਡ ਪਾਠ ਦੀ ਪ੍ਰਥਾ ਐਨੀ ਪ੍ਰਚਲਤ ਹੋ ਗਈ ਹੈ ਕਿ ਹਰ ਕਾਰਜ ਸਮੇਂ ਸਹਿਜ ਪਾਠ ਦੀ ਜਗ੍ਹਾ ਅਖੰਡ ਪਾਠ ਹੀ ਹੁੰਦੇ ਹਨ। ਸਤਿਗੁਰੂ ਸਾਹਿਬਾਨ ਦੇ ਗੁਰਪੁਰਬਾਂ ਸਮੇਂ ਤੇ ਹੋਰ ਪੰਥਕ ਸਮਾਗਮਾਂ ਸਮੇਂ ਅਖੰਡ ਪਾਠ ਹੀ ਰੱਖੇ ਜਾਂਦੇ ਹਨ। ਹਰ ਗੁਰਦੁਵਾਰੇ ਵਿਚ ਦੋ ਦੋ ਚਾਰ ਚਾਰ ਅਖੰਡ ਪਾਠ ਹਰ ਸਮੇਂ ਚਾਲੂ ਹੀ ਰਹਿੰਦੇ ਹਨ।

ਅਖੰਡ ਪਾਠ ਕਰਨ ਲਈ ਪੰਜ, ਛੇ ਜਾਂ ਅੱਠ ਪਾਠੀ ਸਿੰਘ ਲਾਏ ਜਾਂਦੇ ਹਨ। ਹਰ ਪਾਠੀ ਸਿੰਘ ਦੋ

ਦੋ ਘੰਟੇ ਦੀ ਡਿਊਟੀ ਦੇਂਦਾ ਹੈ। ਕੁਛ ਸਿੰਘਾਂ ਦੀ ਡਿਊਟੀ ਹਰ ਸਮੇਂ ਕੋਲ ਹਾਜ਼ਰ ਰਹਿਣ ਦੀ ਲਾਈ ਜਾਂਦੀ ਹੈ, ਤਾਂਕਿ ਪਾਠ ਕਰਨ ਵਾਲਾ ਪਾਠੀ ਜੇ ਕਿਸੇ ਸਰੀਰਕ ਖੇਚਲ ਕਰਕੇ ਇਸ਼ਾਰਾ ਕਰੇ ਤਾਂ ਉਪਰਲਾ ਸਿੰਘ ਝਟ ਪਾਠ ਕਰਨ ਲਈ ਬੈਠ ਜਾਵੇ। ਇਉਂ ਪਾਠ ਖੰਡਤ ਨਹੀਂ ਹੁੰਦਾ। ਪੁਰਾਤਨ ਸਮੇਂ ਕੋਲ ਜਪੁਜੀ ਸਾਹਿਬ ਦਾ ਅਖੰਡ ਪਾਠ ਵੀ ਕੀਤਾ ਜਾਂਦਾ ਸੀ।

ਪਾਠ ਕਰਨ ਲਈ ਪਾਠੀ ਸਿੰਘ ਤਿਆਰ-ਬਰ-ਤਿਆਰ ਤੇ ਅਰੋਗ ਹੋਣ, ਆਲਸੀ ਨਾ ਹੋਣ। ਹਰ ਪਾਠੀ ਸਿੰਘ ਆਪਣੀ ਡਿਊਟੀ ਤੇ ਬੈਠਣ ਸਮੇਂ ਇਸ਼ਨਾਨ ਕਰਕੇ ਬੈਠੇ। ਪਾਠ ਉੱਚੀ ਸੁਰ ਵਿਚ ਹੋਵੇ ਤੇ ਬੜੇ ਪ੍ਰੇਮ ਤੇ ਸ਼ਰਧਾ ਨਾਲ ਕੀਤਾ ਜਾਵੇ। ਪਾਠੀ ਸਿੰਘਾਂ ਨੂੰ ਮੌਸਮ ਅਨੁਸਾਰ ਦੁੱਧ, ਚਾਹ ਤੇ ਲੱਸੀ ਛਕਾਉਣੀ ਤੇ ਪ੍ਰਸ਼ਾਦਾ ਛਕਾਉਣਾ। ਠੀਕ ਸੋਲਾਂ ਪਹਿਰਾਂ ਵਿਚ ਪਾਠ ਸਮਾਪਤ ਕਰਕੇ ਭੋਗ ਪਾਇਆ ਜਾਵੇ। ਅੱਠਾਂ ਪਹਿਰਾਂ ਪਿੱਛੋਂ ਪਾਠ ਦਾ ਅੱਧ ਆ ਜਾਣਾ ਚਾਹੀਦਾ ਹੈ। ਫਿਰ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਮੱਧ ਦਾ ਅਰਦਾਸਾ ਕਰਕੇ ਪ੍ਰਸ਼ਾਦਿ ਵਰਤਾਉਣਾ ਚਾਹੀਦਾ ਹੈ।

ਪਾਠ ਦੀ ਸਮਾਪਤੀ ਤੋਂ ਬਾਅਦ ਸਾਰੀ ਸੰਗਤ ਮਿਲ ਕੇ ਆਰਤੀ ਦੇ ਸ਼ਬਦਾਂ ਦਾ ਉਚਾਰਨ ਕਰੇ। ਫਿਰ ਰਾਗੀ ਜੱਥਾ ਸ਼ਬਦ ਕੀਰਤਨ ਕਰੇ। ਅਨੰਦੁ ਸਾਹਿਬ ਦਾ ਪਾਠ ਕਰਕੇ ਅਰਦਾਸਾ ਸੋਧਿਆ ਜਾਵੇ ਤੇ ਸਤਿਗੁਰੂ ਜੀ ਨੂੰ ਭੋਗ ਲਵਾ ਕੇ ਕੜਾਹ ਪ੍ਰਸ਼ਾਦਿ ਸੰਗਤ ਵਿਚ ਵਰਤਾਇਆ ਜਾਵੇ।

ਕਈ ਪ੍ਰੇਮੀ ਸ਼ਰਧਾ ਅਨੁਸਾਰ ਅਖੰਡ ਪਾਠ ਸਮੇਂ ਜਲ ਦਾ ਕੁੰਭ ਤੇ ਨਾਰੀਅਲ ਕੋਲ ਰੱਖਦੇ ਹਨ ਤੇ ਘਿਉ ਦੀ ਅਖੰਡ ਜੋਤ ਜਗਾਂਦੇ ਹਨ। ਪਰ ਇਹ ਮਰਯਾਦਾ ਘਰ ਵਾਲਿਆਂ ਦੀ ਸ਼ਰਧਾ ਭਾਵਨਾ ਅਨੁਸਾਰ ਕਰਨੀ ਚਾਹੀਦੀ ਹੈ। ਅੱਜ ਕਲ੍ਹ ਬਹੁਤ ਸਾਰੇ ਸਿੱਖ ਪਰਵਾਰਾਂ ਵਿਚ ਇਸ ਮਰਯਾਦਾ ਨੂੰ ਪਸੰਦ ਨਹੀਂ ਕੀਤਾ ਜਾਂਦਾ।

ਅਖੰਡ ਪਾਠ ਦੀ ਸਮਾਪਤੀ ਤੋਂ ਬਾਅਦ ਪਾਠੀ ਸਿੰਘਾਂ ਨੂੰ ਮਾਇਆ ਤੇ ਬਸਤ੍ਰ ਭੇਟ ਕਰਕੇ ਖੁਸ਼ੀਆਂ ਲਈਆਂ ਜਾਣ। ਇਸ ਕਾਰਜ ਸਮੇਂ ਆਈਆਂ ਸੰਗਤਾਂ ਦੀ ਵਧ ਚੜ੍ਹਕੇ ਸੇਵਾ ਕੀਤੀ ਜਾਏ। ਧਰਮ ਕਾਰਜਾਂ ਲਈ ਮਾਇਆ ਭੇਟਾ ਕੀਤੀ ਜਾਵੇ।

# ਸਹਿਜ ਅਖੰਡ ਪਾਠ

ਸਹਿਜ ਅਖੰਡ ਪਾਠ ਨੂੰ ਆਰੰਭ ਕਰਕੇ ਇਸ ਪਾਠ ਦੀ ਸਮਾਪਤੀ ਦਾ ਕੋਈ ਸਮਾਂ ਨਿਸਚਿਤ ਨਹੀਂ। ਪਾਠੀ ਸਿੰਘ ਪਾਠ ਬੜੀ ਧੀਮੀ ਚਾਲ ਨਾਲ ਕਰਨ। ਪੰਜੀਂ ਸੱਤੀਂ ਦਿਨੀਂ ਜਦੋਂ ਪਾਠ ਸਮਾਪਤ ਹੋਵੇ, ਪ੍ਰਸ਼ਾਦਿ ਕਰਕੇ ਭੋਗ ਪਾ ਦਿੱਤਾ ਜਾਵੇ। ਪਾਠ ਦੇ ਮੱਧ ਸਮੇਂ ਵੀ ਪ੍ਰਸ਼ਾਦਿ ਭੇਟ ਕਰਨਾ ਹੈ।

ਇਸ ਵਿਧੀ ਵਾਲਾ ਅਖੰਡ ਪਾਠ ਅੰਮ੍ਰਿਤਸਰ ਵਿਖੇ ਗੁਰਪੁਰਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਵਿਖੇ ਹਰ ਸਮੇਂ ਚਲਦਾ ਰਹਿੰਦਾ ਹੈ।

# ਸੂਰਜ ਉਦੇ ਅਸਤ ਦਾ ਅਖੰਡ ਪਾਠ

ਕਈ ਸ਼ਰਧਾਲੂ ਤੇ ਪ੍ਰੇਮੀ ਸਿੱਖਾਂ ਦੀ ਇਹ ਧਾਰਨਾ ਤੇ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੋਲਾਂ ਪਹਿਰ ਪ੍ਰਕਾਸ਼ ਜਾਰੀ ਰਖਕੇ ਮਹਾਰਾਜ ਨੂੰ ਖੇਚਲ ਨਾ ਦਿੱਤੀ ਜਾਵੇ। ਸੋ ਇਸ ਖਿਆਲ ਵਾਲੇ

ਗੁਰਸਿੱਖ 'ਸੂਰਜ ਉਦੇ ਅਸਤ' ਦਾ ਅਖੰਡ ਪਾਠ ਕਰਦੇ ਸਨ। ਅਰਥਾਤ ਸਾਰਾ ਦਿਨ ਅਖੰਡ ਪਾਠ ਚਲਦਾ ਰਹਿੰਦਾ ਹੈ। ਸ਼ਾਮ ਪੈਣ ਤੇ (ਸੂਰਜ ਅਸਤ ਹੋਣ ਤੇ) ਕੜਾਹ ਪ੍ਰਸ਼ਾਦਿ ਦਾ ਭੋਗ ਲਵਾਕੇ, ਆਰਤੀ ਕਰਕੇ ਮਹਾਰਾਜ ਨੂੰ ਸੰਤੋਖ ਦਿੱਤਾ ਜਾਂਦਾ ਹੈ ਤੇ ਪਾਠ ਦੀ ਨਿਸ਼ਾਨੀ ਰੱਖ ਦਿੱਤੀ ਜਾਂਦੀ ਹੈ। ਫਿਰ ਅਗਲੇ ਦਿਨ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾ ਕੇ ਅੱਗੇ ਪਾਠ ਆਰੰਭ ਕੀਤਾ ਜਾਂਦਾ ਹੈ। ਇਸ ਵਿਧੀ ਨਾਲ ਕੀਤੇ ਪਾਠ ਤੇ ਬੱਤੀ ਪਹਿਰ (੪ ਦਿਨ) ਦਾ ਸਮਾਂ ਲੱਗਦਾ ਹੈ। ਆਰੰਭ ਕਰਕੇ ਚੌਥੇ ਦਿਨ ਭੋਗ ਪਾਇਆ ਜਾਂਦਾ ਹੈ। ਬਾਕੀ ਸਾਰੀ ਮਰਯਾਦਾ ਦੂਸਰੇ ਪਾਠਾਂ ਵਾਂਗੂੰ ਹੀ ਕੀਤੀ ਜਾਂਦੀ ਹੈ।

## ਅਤਿ ਅਖੰਡ ਪਾਠ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਪਾਠ, ਜਿਸ ਨੂੰ ਇਕੋ ਇਕੱਲਾ ਪਾਠੀ ਸਿੰਘ ਇੱਕੋ ਆਸਨ ਤੇ ਬੈਠ ਕੇ ਸਮਾਪਤ ਕਰੇ ਅਤੇ ਭੋਗ ਪੈਣ ਤਕ ਅੰਨ ਜਲ ਆਦਿ ਕੁਝ ਨਾ ਵਰਤੇ। ਇਹ ਪਾਠ ਨੌਂ ਪਹਿਰਾਂ ਵਿਚ

ਸਮਾਪਤ ਹੁੰਦਾ ਹੈ।

ਡੇਰਾ ਬਾਬਾ ਅਜਾਪਾਲ ਸਿੰਘ ਜੀ ਪਟਿਆਲਾ ਦੇ ਮਹੰਤ ਬਾਬਾ ਨਰਾਇਣ ਸਿੰਘ ਜੀ 'ਅਤਿ ਅਖੰਡ ਪਾਠ' ਇਕੋ ਆਸਣ ਤੇ ਬੈਠਕੇ ਇਕੱਲਿਆਂ ਹੀ ਕਰਿਆ ਕਰਦੇ ਸਨ। ਆਪਣੇ ਜੀਵਨ ਵਿਚ ਬਾਬਾ ਜੀ ਨੇ ਤਿੰਨ 'ਅਤਿ ਅਖੰਡ ਪਾਠ' ਕੀਤੇ ਸਨ। ਆਪ ਦੇ ਇਸ ਸ਼ੁਭ ਗੁਣ ਕਰਕੇ ਪੰਥ ਵਲੋਂ ਆਪ ਦਾ ਬੜਾ ਸਨਮਾਨ ਕੀਤਾ ਜਾਂਦਾ ਸੀ। ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕੰਠਾਗਰ ਸੀ।

ਆਪ ਤੋਂ ਬਿਨਾਂ ਕਦੀ ਕਦੀ ਕੋਈ ਹੋਰ ਵੀ ਗੁਰਮੁਖ ਸਿੱਖ ਇਸ ਤਰ੍ਹਾਂ ਦਾ 'ਅਤਿ ਅਖੰਡ ਪਾਠ' ਕਰਨ ਦਾ ਅਭਿਆਸੀ ਦੇਖਣ ਵਿਚ ਆਉਂਦਾ ਹੈ।

# ਸੰਪਟ ਅਖੰਡ ਪਾਠ

ਕੁਛ ਸਮੇਂ ਤੋਂ ਪੰਥ ਦੇ ਸੰਤਾਂ ਮਹਾਤਮਾਂ ਤੇ ਗੁਣੀ ਗਿਆਨੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਨਵੇਂ ਅਖੰਡ ਪਾਠ ਦੀ ਵਿਧੀ ਚਾਲੂ ਕੀਤੀ ਹੈ। ਇਸ ਨੂੰ 'ਸੰਪਟ ਅਖੰਡ ਪਾਠ' ਕਿਹਾ ਜਾਂਦਾ ਹੈ। ਇਹ ਪਾਠ

ਜਦੋਂ ਕੋਈ ਬਹੁਤ ਹੀ ਕਸ਼ਟ ਪੈਦਾ ਹੋ ਜਾਵੇ, ਰਾਜ-ਕਸ਼ਟ ਬਿਪਤਾ-ਕਸ਼ਟ ਜਾਂ ਰੋਗ ਕਸ਼ਟ ਆ ਬਣੇ ਤਦ ਉਸ ਕਸ਼ਟ ਦੀ ਨਵਿਰਤੀ ਲਈ 'ਸੰਪਟ ਅਖੰਡ ਪਾਠ' ਕਰਾਇਆ ਜਾਂਦਾ ਹੈ।

ਇਹ ਸੰਪਟ ਅਖੰਡ ਪਾਠ ਕਿਸੇ ਪਵਿੱਤ੍ਰ ਦਿਨ, ਗੁਰਪੁਰਬ ਪੂਰਨਮਾਸ਼ੀ ਜਾਂ ਸੰਗਰਾਂਦ ਨੂੰ ਆਰੰਭ ਕੀਤਾ ਜਾਂਦਾ ਹੈ। ਪਾਠ ਆਰੰਭ ਕਰਨ ਦੀ ਵਿਧੀ ਅਨੁਸਾਰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ, ਕੜਾਹ ਪ੍ਰਸ਼ਾਦਿ ਆਦਿ ਮਰਯਾਦਾ ਅਨੁਸਾਰ ਤਿਆਰ ਕਰਨਾ। ਇਸ ਪਾਠ ਸਮੇਂ ਹੋਮ ਵੀ ਕੀਤਾ ਜਾਂਦਾ ਹੈ। ਹੋਮ ਲਈ ਇਸ ਪ੍ਰਕਾਰ ਦੀ ਤਿਆਰੀ ਕਰਨੀ—

ਪਾਠ ਵਾਲੀ ਜਗ੍ਹਾ ਦੇ ਸੱਜੇ ਪਾਸੇ ਚਾਰ ਗਜ਼ ਦੀ ਵਿੱਥ ਉੱਤੇ ਇਕ ਹਵਨ ਕੁੰਡ ਬਨਾਉਣਾ। ਹਵਨ ਕੁੰਡ ਦੋ ਫੁੱਟ ਮੁਰੱਬਾ ਲੰਮਾ ਚੌੜਾ ਤੇ ਦੋ ਫੁੱਟ ਮੁਰੱਬਾ ਡੂੰਘਾ ਹੋਵੇ। ਹਵਨ ਕੁੰਡ ਨੂੰ ਲੇਪਨ ਕਰਕੇ ਸ਼ੁੱਧ ਕਰਨਾ। ਜਲ ਦਾ ਕੁੰਭ, ਨਾਰੀਏਲ ਫਲ, ਪੁਸ਼ਪ ਆਦਿਕ ਕੋਲ ਰੱਖਣੇ। ਹਵਨ ਵਿਚ ਛਿਛਰੇ ਜਾਂ ਬੇਰੀਆਂ ਦੀਆਂ ਲਕੜੀਆਂ ਵਰਤਣੀਆਂ। ਚੰਦਨ ਬੂਰ, ਮੁਸ਼ਕਪੂਰ, ਧੂਪ

ਆਦਿ ਪਾਠ ਦੀ ਸਮਾਪਤੀ ਤਕ ਦਿਨੇ ਰਾਤ ਧੁਖਦਾ ਰਹੇ। ਅਹੂਤੀਆਂ ਦੇਣ ਵਾਸਤੇ ਸ਼ੁਧ ਗੋਕਾ ਘਿਉ ਵਰਤਿਆ ਜਾਵੇ। ਚੰਦਨ ਬੂਰ, ਮੁਸ਼ਕਪੂਰ ਤੇ ਧੂਪ ਦੀ ਲੱਕੜੀ ਆਦਿ ਸੁਗੰਧਤ ਵਸਤੂਆਂ ਕੁੱਟਕੇ ਘਿਉ ਵਿਖੇ ਰਲਾ ਲੈਣੀਆਂ। ਪਾਠ ਕਰਨ ਲਈ ਅੱਠ ਪਾਠੀ ਸਿੰਘ ਲਾਏ ਜਾਣ। ਪਾਠੀ ਸਿੰਘ ਪਹਿਰਾ ਬਦਲ ਬਦਲ ਕੇ ਪਾਠ ਤੇ ਹੋਮ ਕਰਨ। ਪਾਠ ਤੇ ਹੋਮ ਲਗਾਤਾਰ ਦਿਨ ਰਾਤ ਹੁੰਦਾ ਰਹੇ।

# ਹੋਮ ਕਰਨ ਦੀ ਵਿਧੀ

(੧) ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧ ॥ ਏਨਮਾਹਾ ਸ੍ਵਾਹਾ ॥

ਇਹ ਮੂਲ ਮੰਤ੍ਰ ਤੇ ਆਦਿ ਮੰਤ੍ਰ ਪੜ੍ਹ ਪੜ੍ਹਕੇ ਹਵਨ ਕੁੰਡ ਦੀ ਬਲ ਰਹੀ ਅਗਨੀ ਵਿਚ ਸਾਰੀਆਂ ਸੁਗੰਧਤ ਵਸਤੂਆਂ ਮਿਲੇ ਘਿਉ ਦੀ ਅਹੂਤੀ ਪਾਈ ਜਾਣੀ ਛਿਛਰੇ ਦੀ ਲਕੜੀ ਦਾ ਪੰਜਾ ਬਨਾਉਣਾ।

(੨) ੧ੳ ਜੋਤਿ ਨਿਰੰਜਨ ਅਕਾਲ ਮੂਰਤਿ ਵਾਹਿਗੁਰੂ ਸਤਿਨਾਮੁ ਨਾਨਕ ਨਿਰੰਕਾਰ ਏਨਮਾਹਾ ਸ੍ਵਾਹਾ॥

(੩) ੧ੳ ਸਤਿਨਾਮੁ ਸ੍ਰੀ ਵਾਹਿਗੁਰੂ ਏਨਮਾਹਾ ਸ੍ਵਾਹਾ॥

ਪਾਠ ਦੀ ਸਮਾਪਤੀ ਤਕ ਦਿਨੇ ਰਾਤ ਇਹ ਸ਼ਬਦ ਪੜ੍ਹ ਪੜ੍ਹ ਕੇ ਅਹੂਤੀਆਂ ਪਾਈਆਂ ਜਾਣ।

# ਸੰਪਟ ਅਖੰਡ ਪਾਠ ਦੀ ਵਿਧੀ

ਜਿਸ ਕਿਸਮ ਦਾ ਕਸ਼ਟ ਵਿਆਪ ਰਿਹਾ ਹੋਵੇ, ਉਸ ਕਸ਼ਟ ਦੀ ਨਵਿਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੋਈ ਇਕ ਸ਼ਬਦ ਚੁਣ ਲਿਆ ਜਾਵੇ, ਫਿਰ ਉਸ ਸ਼ਬਦ ਦਾ ਸੰਪਟ ਦੇ ਦੇ ਕੇ ਸਾਰਾ ਪਾਠ ਸੰਪੂਰਨ ਕਰਨਾ। ਰੋਗ ਦੀ ਨਵਿਰਤੀ, ਵਿਛੜੇ ਸੱਜਣਾਂ ਦਾ ਮਿਲਾਪ, ਮੁਕੱਦਮੇ ਵਿਚ ਜਿੱਤ, ਕੈਦ ਤੋਂ ਰਿਹਾਈ, ਧਨ ਦਾ ਵਾਧਾ, ਕਰਜ਼ੇ ਤੋਂ ਛੁਟਕਾਰਾ ਆਦਿ ਕਾਰਜਾਂ ਦੀ ਸਿਧੀ ਲਈ ਸ਼ਬਦ ਲੈ ਕੇ ਪਾਠ ਕਰਾਉਣਾ।

ਸਤਿਗੁਰੂ ਜੀ ਦੀ ਕਿਰਪਾ ਨਾਲ ਸਭ ਮਨੋਰਥ ਪੂਰੇ ਹੋ ਜਾਂਦੇ ਹਨ।

# ਸਰਬ ਕਾਰਜਾਂ ਦੀ ਸਿੱਧੀ ਲਈ ਮੂਲ ਮੰਤ੍ਰ ਦਾ ਸੰਪਟ

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ॥

ਜਦੋਂ ਸੰਪਟ ਅਖੰਡ ਪਾਠ ਦਾ ਆਰੰਭ ਹੋਵੇ, ਤਦੋਂ ਇਸ ਮੂਲ-ਮੰਤ੍ਰ ਦਾ ਸੰਪਟ ਜਪੁ ਜੀ ਸਾਹਿਬ ਜੀ ਦੀ ਹਰ ਪਉੜੀ ਦੇ ਆਦਿ ਅੰਤ ਦੇਣਾ। ਜਦੋਂ ਸ਼ਬਦ ਚਾਲੂ ਹੋ ਜਾਣ ਤਦ ਵੀ ਹਰ ਸ਼ਬਦ ਦੇ ਆਦਿ ਅੰਤ ਇਹ ਮੂਲ-ਮੰਤ੍ਰ ਪੜ੍ਹਨਾ। ਵਾਰਾਂ ਦੇ ਸਲੋਕਾਂ ਤੇ ਪਉੜੀ ਦੇ ਆਦਿ ਅੰਤ ਵੀ ਇਹ ਮੂਲ ਮੰਤ੍ਰ ਪੜ੍ਹਨਾ। ਡਖਣੇ ਦੀ ਵਾਰ, ਸੁਖਮਨੀ ਸਾਹਿਬ ਜੀ ਦੇ ਹਰ ਸਲੋਕ ਤੇ ਅਸਟਪਦੀ ਵਿਚ ਮੂਲ ਮੰਤ੍ਰ ਦਾ ਸੰਪਟ ਦੇਣਾ।

ਬਾਵਨ ਅਖਰੀ, ਓਅੰਕਾਰ, ਸਿਧ ਗੋਸ਼ਟ, ਅਨੰਦੁ ਸਾਹਿਬ, ਸਹਸਕ੍ਰਿਤੀ ਸਲੋਕ, ਗਾਥਾ, ਫੁਨਹੇ, ਚਉਬੋਲੇ ਆਦਿ ਦੀ ਹਰ ਪਉੜੀ ਦੇ ਆਦਿ ਅੰਤ ਮੂਲ ਮੰਤ੍ਰ ਦਾ ਸੰਪਟ ਦੇਣਾ। ਕਬੀਰ ਜੀ ਦੇ ਸਲੋਕ, ਫਰੀਦ ਜੀ ਦੇ ਸਲੋਕ, ਸਲੋਕ ਵਾਰਾਂ ਤੇ ਵਧੀਕ ਤੇ ਸਲੋਕ ਮ: ੯ ਦੇ ਹਰ ਸਲੋਕ ਤੇ ਸੰਪਟ ਦੇਣਾ।

ਪਾਠ ਦਾ ਭੋਗ ਪਾ ਕੇ ਅਨੰਦੁ ਸਾਹਿਬ ਦਾ ਪਾਠ ਤੇ ਆਰਤੀ ਕਰਨੀ। ਸ਼ਬਦ ਕੀਰਤਨ ਕਰਵਾਉਣਾ, ਅਰਦਾਸਾ ਕਰਨਾ, ਫਿਰ ਕੜਾਹ ਪ੍ਰਸ਼ਾਦਿ ਵਰਤਾਵਣਾ।

ਹੋਮ ਦੀ ਸਮਾਪਤੀ ਕਰਨ ਸਮੇਂ ਜਾਪੁ ਸਾਹਿਬ ਦਾ ਪਾਠ ਕਰਨਾ। ਜਾਪੁ ਸਾਹਿਬ ਦੇ ਪਾਠ ਤੋਂ ਬਾਅਦ ਹੋਮ ਦੀ ਸਮਾਪਤੀ ਕਰ ਦੇਣੀ। ਫਿਰ ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਵਣਾ। ਪਾਠੀ ਸਿੰਘਾਂ ਦੀ ਮਾਇਆ ਤੇ ਬਸਤ੍ਰ ਭੇਟਾ ਕਰਕੇ ਸੇਵਾ ਕਰਨੀ। ਹੋਰ ਗ਼ਰੀਬ ਲੋੜਵੰਦਾਂ ਦੀ ਸਹਾਇਤਾ ਲਈ ਮਾਇਆ ਅਰਦਾਸ ਕਰਨੀ। ਸਤਿਗੁਰੂ ਜੀ ਸਰਬ ਮਨੋਰਥ ਸਿੱਧ ਕਰਨਗੇ।

'ਸੰਪਟ ਅਖੰਡ ਪਾਠ' ਦੇ ਕਰਨ ਦੀ ਵਿਧੀ ਨਮੂਨੇ ਮਾਤਰ ਹੇਠਾਂ ਅੰਕਿਤ ਕੀਤੀ ਜਾਂਦੀ ਹੈ:-

# ਸੰਪਟ ਆਦਿ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਪਾਠ ਸ਼ੁਰੂ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥ਆਦਿ ਸਚੁ ਜੁਗਾਦਿ ਸਚੁ ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

(ਸੰਪਟ ਅੰਤ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਸੰਪਟ ਆਦਿ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਪਾਠ ਸ਼ੁਰੂ)

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ

ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧ ॥

(ਸੰਪਟ ਅੰਤ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਸੰਪਟ ਆਦਿ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਪਾਠ ਸ਼ੁਰੂ)

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥ ਹੁਕਮੈ ਅੰਦਰਿ

ਸਭੁ ਕੋ ਬਾਹਰਿ ਹੁਕਮ ਨ ਕੋਇ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ੨॥

(ਸੰਪਟ ਅੰਤ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਸੰਪਟ ਆਦਿ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਪਾਠ ਸ਼ੁਰੂ)

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥
ਗਾਵੈ ਕੋ ਦਾਤਿ ਜਾਣੈ ਨੀਸਾਣੁ॥
ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥
ਗਾਵੈ ਕੋ ਸਾਜਿ ਕਰੇ ਤਨੁ ਖੇਹ॥
ਗਾਵੈ ਕੋ ਜੀਅ ਲੈ ਫਿਰਿ ਦੇਹ॥
ਗਾਵੈ ਕੋ ਜਾਪੈ ਦਿਸੈ ਦੂਰਿ॥
ਗਾਵੈ ਕੋ ਵੇਖੈ ਹਾਦਰਾ ਹਦੂਰਿ॥

ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥
ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ॥
ਹੁਕਮੀ ਹੁਕਮੁ ਚਲਾਏ ਰਾਹੁ॥
ਨਾਨਕ ਵਿਗਸੈ ਵੇਪਰਵਾਹੁ॥ ੩ ॥

(ਸੰਪਟ ਅੰਤ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਸੰਪਟ ਆਦਿ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਪਾਠ ਸ਼ੁਰੂ)

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ

ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥

(ਸੰਪਟ ਅੰਤ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਸੰਪਟ ਆਦਿ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਪਾਠ ਸ਼ੁਰੂ)

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ
ਗੁਰਮੁਖਿ ਰਹਿਆ ਸਮਾਈ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ
ਗੁਰੁ ਪਾਰਬਤੀ ਮਾਈ॥
ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥ ੫ ॥

(ਸੰਪਟ ਅੰਤ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਉਪ੍ਰੋਕਤ ਵਿਧੀ ਅਨੁਸਾਰ ਹਰ ਇਕ ਪਉੜੀ ਤੇ ਸ਼ਬਦ ਦੇ ਆਦਿ ਅੰਤ ਸੰਪਟ ਦਿੰਦੇ ਦਿੰਦੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਟ ਅਖੰਡ ਪਾਠ ਸੰਪੂਰਨ ਕਰਨਾ। ਮੂਲ ਮੰਤ੍ਰ ਦੇ ਸੰਪਟ ਤੋਂ ਬਿਨਾਂ ਆਪਣੇ ਮਨੋਰਥ ਦੀ ਸਿੱਧੀ ਲਈ ਕਿਸੇ ਹੋਰ ਸ਼ਬਦ ਦਾ ਸੰਪਟ

ਵੀ ਇਸੇ ਵਿਧੀ ਅਨੁਸਾਰ ਦੇਣਾ।

ਆਪਣੀ ਯਥਾ ਸ਼ਕਤੀ ਤੇ ਯਥਾ ਸ਼ਰਧਾ ਅਨੁਸਾਰ ਤੁੱਕ ਤੁੱਕ ਉਤੇ ਵੀ ਆਦਿ ਅੰਤ ਕਿਸੇ ਸ਼ਬਦ ਦਾ ਸੰਪਟ ਦਿੱਤਾ ਜਾਂਦਾ ਹੈ, ਪਰ ਇਹੋ ਜਿਹੇ ਸੰਪਟ ਪਾਠ ਤੇ ਬਹੁਤ ਮਾਇਆ ਤੇ ਸਮਾਂ ਲੱਗਦਾ ਹੈ।

# ਚਲਾਣਾ ਕਰ ਗਏ ਪ੍ਰਾਣੀ ਦੇ ਕਲਿਆਣ ਲਈ ਮਿਰਤਕ ਸੰਸਕਾਰ ਪਾਠ

ਗੁਰਮਤਿ ਮਰਯਾਦਾ ਅਨੁਸਾਰ ਜਿਵੇਂ ਗੁਰਸਿੱਖ ਆਪਣੇ ਹਰ ਖੁਸ਼ੀ ਦੇ ਕਾਰਜਾਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਅਥਵਾ ਅਖੰਡ ਪਾਠ ਕਰਵਾ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ, ਤਿਵੇਂ ਅਕਾਲ ਪੁਰਖੁ ਦੇ ਹੁਕਮ ਅਨੁਸਾਰ ਚਲਾਣਾ ਕਰ ਗਏ ਪ੍ਰਾਣੀ ਦੀ ਆਤਮਾ ਦੀ ਸ਼ਾਂਤੀ ਲਈ ਪਿਛੋਂ ਪ੍ਰਵਾਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਜਾਂ ਅਖੰਡ ਪਾਠ ਰਖਵਾਉਂਦੇ ਹਨ,

ਜਿਸ ਦਾ ਭੋਗ ਤੇਰ੍ਵੇਂ ਜਾਂ ਸਤਾਰ੍ਵੇਂ ਦਿਨ ਪਾਇਆ ਜਾਂਦਾ ਹੈ। ਇਹਨਾਂ ਪਾਠਾਂ ਦੇ ਆਰੰਭ ਦੀ ਵਿਧੀ ਬਾਕੀ ਪਾਠਾਂ ਦੀ ਵਿਧੀ ਵਾਂਗੂੰ ਹੀ ਹੈ ਪਰ ਸਿਰਫ਼ ਅਰਦਾਸ ਵਿਚ ਪ੍ਰਾਣੀ ਦੀ ਆਤਮਾ ਦੀ ਕਲਿਆਣ ਨਮਿਤ ਸਤਿਗੁਰੂ ਜੀ ਦੇ ਹਜ਼ੂਰ ਬੇਨਤੀ ਦੇ ਸ਼ਬਦ ਵਰਤਣੇ ਹਨ। ਭੋਗ ਦਿਨ ਦੇ ਤੀਜੇ ਪਹਿਰ ਪਾਇਆ ਜਾਂਦਾ ਹੈ। ਭੋਗ ਸਮੇਂ ਨੌਵੇਂ ਮਹਿਲ ਦੇ ਸਲੋਕਾਂ ਤੋਂ ਬਾਅਦ ਰਾਗਮਾਲਾ ਦਾ ਪਾਠ ਕਰ ਕੇ ਫਿਰ 'ਰਾਮਕਲੀ ਸਦ' ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਰਾਗੀ ਸਿੰਘ ਵੈਰਾਗਮਈ ਸ਼ਬਦਾਂ ਦਾ ਕੀਰਤਨ ਕਰਦੇ ਹਨ। ਅਨੰਦੁ ਸਾਹਿਬ ਦਾ ਪਾਠ ਕਰਨ ਤੋਂ ਬਾਅਦ ਅਰਦਾਸਾ ਸੋਧਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ਪਾਠੀ ਸਿੰਘ ਦੀ ਮਾਇਆ ਤੇ ਬਸਤ੍ਰ ਆਦਿ ਦੇ ਕੇ ਸੇਵਾ ਕੀਤੀ ਜਾਂਦੀ ਹੈ। ਇਸ ਤੋਂ ਉਪ੍ਰੰਤ ਆਈਆਂ ਸੰਗਤਾਂ ਨੂੰ ਲੰਗਰ ਛਕਾਇਆ ਜਾਂਦਾ ਹੈ।

ਸਾਰੀ ਮਰਯਾਦਾ ਗੁਰਮਤਿ ਅਨੁਸਾਰ ਹੋਣੀ ਚਾਹੀਦੀ ਹੈ। ਕੋਈ ਸਨਾਤਨੀ ਮਰਯਾਦਾ ਨਾ ਕੀਤੀ ਜਾਵੇ।

-੦-

# ਸ਼੍ਰੋਮਣੀ ਗੁ: ਪ੍ਰ: ਕਮੇਟੀ

ਸ੍ਰੀ ਅੰਮ੍ਰਿਤਸਰ ਵੱਲੋਂ

੭ ਜਨਵਰੀ ੧੯੪੫ ਨੂੰ ਪ੍ਰਵਾਨਿਆ ਗਿਆ

# ਸਿੱਖ ਰਹਿਤ ਮਰਯਾਦਾ ਦਾ ਸਾਰ-ਅੰਸ਼

੧. ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖੁ, ਦਸ ਗੁਰੂ ਸਾਹਿਬ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ

ਮੰਨਦਾ, ਉਹ ਸਿੱਖ ਹੈ।

੨. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖੁ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ। ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:-

ਜਪੁ ਜੀ, ਜਾਪੁ ਅਤੇ ੧੦ ਸਵੱਯੇ (ਸ੍ਰਾਵਗ ਸੁਧ ਵਾਲੇ)- ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ। ਸੋਦਰੁ ਰਹਰਾਸਿ—ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹੋਣ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ) ਬੇਨਤੀ ਚੌਪਈ ਪਾਤਿਸ਼ਾਹੀ ੧੦ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸਟ ਦੋਖ ਤੇ ਲੇਹੁ ਬਚਾਈ; ਤਕ। ਸ੍ਵੈਯਾ—'ਪਾਂਇ ਗਹੇ ਜਬ ਤੇ ਤੁਮਰੇ' ਅਤੇ ਦੋਹਰਾ ਸਗਲ ਦੁਆਰ ਕਉ ਛਾਡਿ ਕੈ) ਅਨੰਦੁ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ

੫ 'ਤੇਰਾ ਕੀਤਾ ਜਾਤੋ ਨਾਹੀ॥' ਸੋਹਿਲਾ—ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ। ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪ੍ਰੰਤ ਅਰਦਾਸ ਕਰਨੀ ਜ਼ਰੂਰੀ ਹੈ।

੩. ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਉੱਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ।

੫. ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵੱਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਂਗਰ

(ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਕੋਈ ਮਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ ਕਿਸੇ ਮੌਕੇ ਜਾਂ ਇਕੱਤਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

੭. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਨਾਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ, ਇਹੋ ਜਿਹੇ ਕਰਮ ਮਨਮਤ ਹਨ।

੮. ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉਠ ਖਲੋਣਾ ਚਾਹੀਏ।

੯. ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ

ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ।

੧੦. ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼੍ਹਬ, ਜ਼ਾਤ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਪਾਸ ਸਿੱਖ ਧਰਮ ਤੋਂ ਵਿਵੱਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

੧੧. ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਜਾਂ ਸੰਗਤ ਵਿਚ ਗਦੇਲਾ ਆਸਣ, ਕੁਰਸੀ ਚੌਂਕੀ ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤ ਹੈ।

੧੨. ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

੧੩. ਤਖ਼ਤ ਪੰਜ ਹਨ—

੧. ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ।

੨. ਤਖ਼ਤ ਸ੍ਰੀ ਪਟਨਾ ਸਾਹਿਬ।

੩. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।
੪. ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ।
੫. ਤਖ਼ਤ ਸ੍ਰੀ ਦਮਦਮਾ ਸਾਹਿਬ, (ਤਲਵੰਡੀ ਸਾਬੋ)।

੧੪. ਤਖ਼ਤਾਂ ਦੇ ਖ਼ਾਸ ਅਸਥਾਨ ਉਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ। (ਤਖ਼ਤਾਂ ਉਤੇ ਪਤਿਤ ਤੇ ਤਨਖਾਹੀਏ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤਰ, ਸਿੱਖ, ਗੈਰ ਸਿੱਖ ਦੀ ਅਰਦਾਸ ਹੋ ਸਕਦੀ ਹੈ।)

੧੫. ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉਤੇ ਸਰਬ ਲੋਹ ਦਾ ਭਾਲਾ ਜਾਂ ਖੰਡਾ ਹੋਵੇ।

੧੬. ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

੧੭. ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾਂ ਭਾਈ

ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

੧੮. ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

੧੯. ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰਕੇ ਸੁਣਾਵੇ।

੨੦. ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਦੇ ਵੇਲੇ ਕੁੰਭ, ਜੋਤ, ਨਰੀਏਲ ਆਦਿ ਰੱਖਣ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮਤ ਹੈ।

੨੧. ਸੰਗਤ ਨੂੰ ਕੜਾਹ ਪ੍ਰਸ਼ਾਦਿ ਵਰਤਾਉਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਦਾ ਗੱਫਾ ਕਢ ਕੇ ਵਰਤਾਇਆ ਜਾਵੇ।

੨੨. ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।

੨੩. ਇਕ ਵਾਰੀ ਅਨੰਦੁ ਸਾਹਿਬ ਦਾ ਪਾਠ ਹੋ

ਚੁੱਕਣ ਮਗਰੋਂ ਫਿਰ ਕੜਾਹ ਪ੍ਰਸ਼ਾਦ ਦੀ ਦੇਗ ਆ ਜਾਵੇ ਤਾਂ ਅਨੰਦੁ ਸਾਹਿਬ ਦਾ ਪਾਠ ਮੁੜ ਨਹੀਂ ਕਰਨਾ। ਕ੍ਰਿਪਾਨ ਭੇਟ ਕਰਨਾ ਹੀ ਕਾਫੀ ਹੈ।

੨੪. ਤਾਬਿਆ ਬੈਠੇ ਸਿੰਘ ਨੂੰ ਦੂਹਰਾ ਗੱਫਾ ਦੇਣਾ ਅਯੋਗ ਵਿਤਕਰਾ ਹੈ।

੨੫. ਜ਼ਾਤ-ਪਾਤ, ਛੂਤ-ਛਾਤ, ਜੰਤ੍ਰ ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ ਸ਼ਰਾਧ, ਪਿਤਰ ਖਿਆਹ, ਪਿੰਡ, ਪੱਤਲ ਦੀਵਾ, ਕਿਰਿਆ ਕਰਮ, ਹੋਮ, ਜੱਗ ਤਰਪਣ, ਸਿੱਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ, ਆਦਿ ਦੇ ਵਰਤ, ਤਿਲਕ, ਜੰਞੂ ਤੁਲਸੀ ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।

੨੬. ਪੀਰ, ਬ੍ਰਾਹਮਣ, ਪੁੱਛਣਾਂ, ਸੁੱਖਣਾਂ, ਸ਼ੀਰਨੀ, ਵੇਦ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸਚਾ ਨਹੀਂ ਕਰਨਾ।

੨੭. ਖ਼ਾਲਸਾ ਸਾਰੇ ਮੱਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

੨੮. ਕੇਸ ਲੜਕੇ ਕੇ ਜੋ ਹੋਵੇ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ (ਜਮਾਂਦਰੂ) ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।

੨੯. ਸਿੱਖ ਭੰਗ, ਅਫ਼ੀਮ, ਸ਼ਰਾਬ ਤਮਾਕੂ ਆਦਿ ਨਸ਼ਾ ਨਾ ਵਰਤੇ। ਅਮਲ ਪ੍ਰਸ਼ਾਦਿ ਦਾ ਹੀ ਰੱਖੇ।

੩੦. ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ ਕੰਨ ਛੇਦਨਾ ਮਨ੍ਹਾ ਹੈ।

੩੧. ਗੁਰੂ ਕਾ ਸਿੱਖ ਕੰਨਿਆ ਨਾ ਮਾਰੇ ਕੁੜੀ ਮਾਰ ਨਾਲ ਨਾ ਵਰਤੇ।

੩੨. ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡੇ।

੩੩. ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ। ਅਪਨੀ ਇਸਤਰੀ ਸੋਂ ਰਤ ਹੋਈ। ਰਹਿਤਵਾਨ ਗੁਰੁ ਕਾ ਸਿੰਘ ਸੋਈ। ਇਸੇ ਤਰ੍ਹਾਂ ਸਿੱਖ ਇਸਤਰੀ ਆਪਣੇ ਪਤੀ ਬਰਤ ਧਰਮ 'ਚ ਰਹੇ।

੩੪. ਗੁਰ ਕਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ।

੩੫. ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

੩੬. ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁੱਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।

੩੭. ਜਨਮ ਦੇ ਸੰਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥"

੩੮. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮਤ ਹੈ।

੩੯. ਸਿੱਖ ਸਿੱਖਣੀ ਦਾ ਵਿਆਹ ਬਿਨਾਂ ਜ਼ਾਤ ਪਾਤ, ਗੋਤ ਵਿਚਾਰ ਦੇ ਹੋਣਾ ਚਾਹੀਏ।

੪੦. ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਕਰਨਾ ਚਾਹੀਏ।

੪੧. ਸਿੱਖ ਦਾ ਵਿਆਹ 'ਅਨੰਦੁ' ਰੀਤੀ ਨਾਲ

ਕਰਨਾ ਚਾਹੀਏ।

੪੨. ਵਿਆਹ ਸਮੇਂ ਸਿਹਰਾ, ਮੁਕਟ ਜਾਂ ਗਾਨਾਂ ਬੰਨਣਾ, ਪਿਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ ਹਵਨ ਕਰਨਾ, ਵੇਦੀ ਗਾਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

੪੩. ਮਨਮਤ ਵਾਲਿਆਂ ਦਾ ਵਿਆਹ 'ਅਨੰਦੁ' ਰੀਤੀ ਨਾਲ ਨਹੀਂ ਹੋ ਸਕਦਾ।

੪੪. ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ-ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

੪੫. ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

੪੬. ਅੰਮ੍ਰਿਤ ਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

੪੭. ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ ਤੇ ਹੋਵੇ ਤਾਂ ਮੰਜੇ ਤੋਂ ਹੇਠ ਨਹੀਂ ਉਤਾਰਨਾ, ਦੀਵਾ ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ ਚਾਹੀਦਾ ਹੈ।

੪੮. ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ, ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

੪੯. ਮਿਰਤਕ ਪ੍ਰਾਣੀ ਦਾ 'ਅੰਗੀਠਾ' ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਵੇ, ਜਾਂ ਉੱਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮਿਰਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

੫੦. ਅਧ ਮਾਰਗ, ਸਿਆਪਾ, ਫੂਹੜੀ ਦੀਵਾ, ਪਿੰਡ-ਕਿਰਿਆ, ਸ਼ਰਾਧ ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ।

੫੧. ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾਕੇ ਪਾਣੇ ਮਨਮਤ ਹੈ।

੫੨. ਗੁਰੂ ਪੰਥ ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁਚੇ ਸਮੂਹ ਨੂੰ ਗੁਰ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹਕੇ ਗੁਰਿਆਈ ਸੌਂਪੀ।

੫੩. ਅੰਮ੍ਰਿਤ ਛਕਾਉਣ ਲਈ ਇਕ ਖ਼ਾਸ ਅਸਥਾਨ ਤੇ ਪ੍ਰਬੰਧ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚ ਇਕ ਤਾਬਿਆ ਤੇ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਹਨਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਹਨਾਂ ਸਾਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।

੫੪. ਇਹਨਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾਂ, ਕਾਣਾ, ਲੰਙਾ, ਲੂਲ੍ਹਾ) ਜਾਂ ਦੀਰਗ ਰੋਗ ਵਾਲਾ ਨਾ ਹੋਵੇ। ਕੋਈ ਤਨ-ਖਾਹੀਆ ਨਾ ਹੋਵੇ।

ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

੫੫. ਇਨ੍ਹਾਂ ਬਾਣੀਆਂ ਦਾ ਪਾਠ ਕਰਨ ਜਪੁ ਜੀ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ ਵਾਲੇ') ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ'ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ) ਅਨੰਦੁ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਇਕ ਅੰਤਲੀ ਪਉੜੀ।

੫੬. ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

੫੭. ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ ਜਪੁ ਜੀ, ਜਾਪੁ ੧੦ ਸਵੱਯੇ, ('ਸ੍ਰਾਵਗ ਸ਼ੁਧ' ਵਾਲੇ) ਸੋਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ।

੫੮. ਪੰਜਾਂ ਕਕਿਆਂ:- ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ ਸੰਗ ਰਖਣਾ।

੫੯. ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ—

੧. ਕੇਸਾਂ ਦੀ ਬੇਅਦਬੀ।

੨. ਕੁੱਠਾ ਖਾਣਾ

੩. ਪਰ-ਇਸਤਰੀ ਜਾਂ ਪਰ ਪੁਰਸ਼ ਦਾ ਗਮਨ।

੪. ਤਮਾਕੂ ਦਾ ਵਰਤਣਾ।

੬੦. ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।

੬੧. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਣ ਵਾਲਾ ਰਹਿਤ ਵਿਚ ਕੋਈ ਭੁੱਲ ਕਰਨ ਵਾਲਾ ਭੀ ਤਨਖਾਹੀਆ ਹੈ।

੬੨. ਗੁਰਮਤਾ ਕੇਵਲ ਉਨ੍ਹਾਂ ਸਵਾਲਾਂ ਤੇ ਹੀ ਹੋ ਸਕਦਾ ਹੈ ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ ਅਰਥਾਤ ਗੁਰੂ ਸਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਬੀੜ ਦੀ ਨਿਰੋਲਤਾ ਅੰਮ੍ਰਿਤ ਰਹਿਤ-ਬਹਿਤ ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ

ਸਾਧਾਰਨ (ਧਾਰਮਿਕ ਵਿਦਿਅਕ ਸਮਾਜਕ ਪੁਲੀਟੀਕਲ) ਸਵਾਲ ਉੱਤੇ ਕੇਵਲ ਮਤਾ ਹੋ ਸਕਦਾ ਹੈ।

੬੩. ਅਰਦਾਸ ਇਹ ਹੈ:-

ੴ ਸ੍ਰੀ ਵਾਹਿਗੁਰੂ ਕੀ ਫ਼ਤਹਿ॥

ਸ੍ਰੀ ਭਗਉਤੀ ਜੀ ਸਹਾਇ॥

ਵਾਰ ਸ੍ਰੀ ਭਗਉਤੀ ਜੀ ਕੀ ਪਾਤਸਾਹੀ ੧੦॥

ਪ੍ਰਿਥਮ ਭਗਉਤੀ ਸਿਮਰ ਕੇ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈ ਸਹਾਇ॥ ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭ ਦੁਖ ਜਾਇ॥ ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਇ ਸਹਾਇ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ

ਵਾਹਿਗੁਰੂ ॥

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ ਜਪੀਆਂ ਤਪੀਆਂ, ਜਿਨ੍ਹਾਂ ਨਾਮ ਜਪਿਆ ਵੰਡ ਛਕਿਆ, ਦੇਗ ਚਲਾਈ ਤੇਗ ਵਾਹੀ ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ !

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ ਬੰਦ ਬੰਦ ਕਟਾਏ ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ ਆਰਿਆਂ ਨਾਲ ਚਿਰਾਏ ਗਏ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆਂ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਪੰਜਾ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਬੋਲੋ ਜੀ ਵਾਹਿਗੁਰੂ !

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ। ਚਿੱਤ ਆਵਨ ਕਾ ਸਦਕਾ

ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬਾਲੇ ਬੋਲੋ ਜੀ ਵਾਹਿਗੁਰੂ।

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ, ਚੌਂਕੀਆਂ ਝੰਡੇ, ਬੁੰਗੇ ਜੁਗੋ ਜੁਗ ਅਟੱਲ ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ।

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ ਪੱਤ ਦਾ ਰਾਖਾ ਆਪ ਵਾਹਿਗੁਰੂ।

ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ!

ਹੇ ਨਿਮਾਣਿਆਂ ਦੇ ਮਾਣ ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸਚੇ ਪਿਤਾ ਵਾਹਿਗੁਰੂ ! ਆਪ

ਦੇ ਹਜ਼ੂਰ.......* ਦੀ ਅਰਦਾਸ ਹੈ ਜੀ। ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।

"ਨਾਨਕ ਨਾਮ ਚੜ੍ਹਦੀ ਕਲਾ॥
ਤੇਰੇ ਭਾਣੇ ਸਰਬੱਤ ਦਾ ਭਲਾ॥"

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

॥ ਇਤਿ ॥

---

* ਏਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ ਜਾਂ ਜਿਸ ਕਾਰਨ ਲਈ ਇਕੱਠ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।